International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

# ਆਧੁਨਿਕ ਪੰਜਾਬੀ ਨਾਟਕ : ਸਮਕਾਲੀ ਸੰਦਰਭ

ਪ੍ਰੋ. ਮੰਗਤ ਰਾਮ
ਪੋਸਟ ਗ੍ਰੇਜੁਏਟ ਪੰਜਾਬੀ ਵਿਭਾਗ
ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ,
ਬੇਗੋਵਾਲ (ਕਪੂਰਥਲਾ)

ਹਰ ਇਕ ਦੇਸ਼ ਦਾ ਸਾਹਿਤ ਜਾਂ ਕਲਾ ਆਪਣੇ ਦੇਸ਼ ਦੀਆਂ ਪਰੰਪਰਾਵਾਂ ਤੇ ਪ੍ਰਭਾਵਾਂ ਨਾਲ ਪੂਰਨ ਤੌਰ ਤੇ ਜੁੜਿਆ ਹੁੰਦਾ ਹੈ। ਹਰ ਨਵੇਂ ਦੀ ਜੜ੍ਹ ਪੁਰਾਣੇ ਵਿਚ ਹੁੰਦੀ ਹੈ। ਵਰਤਮਾਨ ਨੇ ਹਮੇਸ਼ਾ ਅਤੀਤ ਵਿਚੋਂ ਤਾਕਤ ਲੈਣੀ ਹੁੰਦੀ ਹੈ ਤੇ ਭਵਿੱਖ ਲਈ ਰਾਹ ਉਲੀਕਣੇ ਹੁੰਦੇ ਹਨ। ਪੰਜਾਬੀ ਨਾਟਕ ਵਿੱਚ ਇਹ ਪ੍ਰਕ੍ਰਿਤਕ ਨਿਯਮ ਵਧੇਰੇ ਸ਼ਿੱਦਤ ਨਾਲ ਲਾਗੂ ਹੈ।

ਆਧੁਨਿਕ ਪੰਜਾਬੀ ਨਾਟਕ ਦੇ ਪਿਛੋਕੜ ਵਿੱਚ ਭਾਰਤੀ ਅਤੇ ਪੱਛਮੀ ਪਰੰਪਰਾਵਾਂ ਕਾਰਜਸ਼ੀਲ ਹਨ। ਕੁਝ ਇਤਿਹਾਸਕ ਅਤੇ ਤਤਕਾਲੀਨ ਕਾਰਨਾਂ ਕਰਕੇ ਸ਼ੁਰੂ ਤੋਂ ਹੀ ਪੰਜਾਬ ਵਿੱਚ ਨਾਟਕ ਅਤੇ ਰੰਗਮੰਚ ਸੰਬੰਧੀ ਕਿਸੇ ਬੱਝਵੀ ਪਰੰਪਰਾ ਦਾ ਲਗਭਗ ਅਭਾਵ ਵੀ ਰਿਹਾ ਹੈ। ਪੰਜਾਬੀ ਨਾਟਕ ਦੇ ਪਿਛੋਕੜ ਵਿੱਚ ਮੂਲ ਰੂਪ ਵਿੱਚ ਲੋਕ ਨਾਟ ਪਰੰਪਰਾ ਕਾਰਜਸ਼ੀਲ ਹੈ। ਨਵਾਂ ਨਾਟਕ ਪੁਰਾਣੇ ਦਾ ਹੀ ਵਿਸਥਾਰ ਹੁੰਦਾ ਹੈ। ਲੋਕ-ਨਾਟਕ ਦੇ ਜਨਮ ਸੰਬੰਧੀ ਗੁਰਦਿਆਲ ਸਿੰਘ ਫੁੱਲ ਦਾ ਮਤ ਹੈ :-

‘‘ਹਰ ਦੇਸ਼ ਤੇ ਹਰ ਬੋਲੀ ਨਾਟਕ, ਉਸ ਦੇ ਲੋਕ ਨਾਟਕਾਂ ਤੋਂ ਜਨਮਦਾ ਹੈ, ਤੇ ਆਪਣੇ ਜਲੌ ਵਿਚ ਆਉਂਦਾ ਹੈ। ਲੋਕ ਨਾਟਕ ਆਦਮੀ ਦੇ ਨਾਲ ਹੀ ਜਨਮਦਾ ਹੈ। ਇਸ ਕਰਕੇ ਮਾਸ ਸੁੱਟਿਆ ਤਾਂ ਦੁਆਲੇ ਬੈਠੇ ਭੁੱਜੇ ਮਾਸ ਦੀ ਮਹਿਕ ਨਾਲ ਨਸ਼ਿਆਂ ਦੇ ਖੁਸ਼ੀ ਵਿਚ ਨੱਚਣ ਲੱਗ ਪਏ, ਜਿਸ ਨਾਲ ਜੰਗਲੀ ਨਾਚ ਤੇ ਲੋਕ ਨਾਟਕ ਜਨਮਿਆਂ।’’1

ਸਮਕਾਲੀ ਪੰਜਾਬ ਵਿਚ ਨਾਟਕ ਤੇ ਰੰਗਮੰਚ ਦੀ ਪਰੰਪਰਾ ਦੇ ਮੁੱਢ ਸੰਬੰਧੀ ਡਾ. ਹਰਚਰਨ ਸਿੰਘ ਨੇ ਪੰਜਾਬ ਦੀ ਨਾਟ ਪਰੰਪਰਾ ਨੂੰ ਹੜੱਪਾ ਅਤੇ ਮੋਹਨਜੋਦੜੋ ਸਭਿਅਤਾ ਨਾਲ ਜੋੜਦੇ ਹੋਏ ਇਹ ਵਿਚਾਰ ਪ੍ਰਗਟ ਕੀਤਾ ਹੈ :-

‘‘ਜਿਵੇਂ ਰਿਗਵੇਦ ਦੀ ਭੂਮੀ ਪੰਜਾਬ ਹੈ ਤਿਵੇਂ ਭਾਰਤੀ ਨਾਟਕ ਤੇ ਭਾਰਤੀ ਲੋਕ ਨਾਟਕ ਦੀ ਜਨਮ ਭੂਮੀ ਵੀ ਪੰਜਾਬ ਹੈ ਕਿਉਂਕਿ ਹੱੜਪਾ ਤੇ ਮੋਹਨਜੋਦੜੋ ਦੀ ਖੁਦਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਭਾਵ ਆਰੀਆ ਦੇ ਆਉਣ ਤੋਂ ਬਹੁਤ ਸਮਾਂ ਪਹਿਲਾਂ ਪੰਜਾਬ ਵਿਚ ਨ੍ਰਿਰਤ ਕਲਾ ਆਪਣੇ ਸਿਖਰ ’ਤੇ ਸੀ। ਹੜੱਪਾ ਅਤੇ ਮੋਹਨਜੋਦੜੋ ਦੀ ਖੁਦਾਈ ਤੋਂ ਲੱਭੀਆਂ ਨਚਾਰਾਂ ਦੀਆਂ ਮੂਰਤਾਂ ਤੋਂ ਇਹ ਸਪੱਸ਼ਟ ਹੈ ਕਿ ਉਸ ਕਾਲ ਵਿਚ ਲੋਕਾਂ ਨੇ ਨ੍ਰਿਰਤ ਕਲਾ ਵਿਚ ਕਾਫ਼ੀ ਪਰਪੱਕਤਾ ਪ੍ਰਾਪਤ ਕਰ ਲਈ ਸੀ।’’2

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਅਜੋਕਾ ਪੰਜਾਬੀ ਨਾਟਕ ਦੇ ਮੁੱਢ ਨੂੰ ਸਿੰਧੂ ਘਾਟੀ ਦੀ ਸਭਿਅਤਾ, ਯੂਨਾਨੀ ਨਾਟ-ਪਰੰਪਰਾ ਤੇ ਸੰਸਕ੍ਰਿਤ ਨਾਟ-ਪਰੰਪਰਾ ਨਾਲ ਜੋੜਨ ਵਾਲੇ ਵਿਦਵਾਨਾਂ ਦੀ ਇਸ ਧਾਰਨਾਂ ਨੂੰ ਪੂਰੀ ਤਰ੍ਹਾਂ ਠੀਕ ਨਾ ਮੰਨਦੇ ਹੋਏ, ਮਨਜੀਤ ਪਾਲ ਕੌਰ ਅਤੇ ਸਤੀਸ਼ ਕੁਮਾਰ ਵਰਮਾ ਦਾ ਵਿਚਾਰ ਹੈ :

''ਪੰਜਾਬੀ ਨਾਟਕ, ਪੰਜਾਬੀ ਇਕਾਂਗੀ ਅਤੇ ਪੰਜਾਬੀ ਰੰਗਮੰਚ ਦਾ ਆਰੰਭ ਵੀਹਵੀਂ ਸਦੀ ਦੇ ਪਹਿਲੇ ਵਰ੍ਹਿਆਂ ਵਿੱਚ ਹੀ ਹੋਇਆ ਹੈ ਭਾਵੇਂ ਕੁਝ ਵਿਦਵਾਨਾਂ, ਆਲੋਚਕਾਂ ਅਤੇ ਨਾਟ ਖੋਜੀਆਂ ਨੇ ਵੀਹਵੀਂ ਸਦੀ ਤੋਂ ਪਹਿਲਾਂ ਦੇ ਪੰਜਾਬੀ ਨਾਟਕ ਦੀ ਹੋਂਦ ਵੱਲ ਵੀ ਸੰਕੇਤ ਕੀਤਾ ਹੈ। ਉਨ੍ਹਾਂ ਨੇ ਪੰਜਾਬ ਵਿੱਚ ਪੈਦਾ ਹੋਏ ਨਾਟਕ ਨੂੰ ਸਿੰਧੂ ਘਾਟੀ ਦੀ ਸਭਿਅਤਾ ਨਾਲ, ਯੂਨਾਨੀ ਨਾਟ-ਪਰੰਪਰਾ ਅਤੇ ਸੰਸਕ੍ਰਿਤ ਨਾਟ-ਪਰੰਪਰਾ ਨਾਲ ਜੋੜਿਆ ਹੈ। ਇਹ ਧਾਰਨਾ ਬਹੁਤੀ ਠੀਕ ਪ੍ਰਤੀਤ ਨਹੀਂ ਹੁੰਦੀ। ਇਹ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਇਨ੍ਹਾਂ ਪੁਰਾਤਨ ਨਾਟ-ਪਰੰਪਰਾਵਾਂ ਜਾਂ ਇਨ੍ਹਾਂ ਦੇ ਵਿਗਠਤ ਸਰੂਪਾਂ ਤੋਂ ਕਿਸੇ ਹੱਦ ਤਕ ਪ੍ਰਭਾਵਿਤ ਹੋਇਆ ਹੈ।''3

ਆਧੁਨਿਕ ਪੰਜਾਬੀ ਨਾਟਕ ਵਿੱਚ ਅਚੇਤ ਤੇ ਸਹਿਜ ਸੁਭਾ ਹੀ ਇਸ ਸਮੇਂ ਤੋਂ ਬਹੁਤ ਕੁਝ ਆ ਗਿਆ ਜਾਪਦਾ ਹੈ, ਜਿਸਦਾ ਅੰਗ-ਨਿਖੇੜ ਕਰਨਾ ਬਹੁਤ ਕਠਿਨ ਹੈ। ਪੰਜਾਬੀ ਨਾਟਕ ਦੇ ਇੱਕ ਸੰਪੂਰਨ ਸੋਮੇ ਦੇ ਪਿਛੋਕੜ ਵਿਚ ਪੰਜ ਸੋਮਿਆਂ ਦਾ ਜ਼ਿਕਰ ਕਰਦੇ ਹੋਏ ਗੁਰਦਿਆਲ ਸਿੰਘ ਫੁੱਲ ਦਾ ਕਹਿਣਾ ਹੈ :-

''ਪੰਜਾਬੀ ਨਾਟਕ ਦਾ ਅਧਾਰਿਤ ਸੋਮਾ ਪੰਜਾਬੀ ਲੋਕ ਨਾਟਕ ਹੈ। ਇਹਨਾਂ ਵਿਚ ਅਚੇਤ ਹੀ ਯੂਨਾਨੀ ਲੋਕ ਨਾਟਕ ਦਾ ਜਲੌ ਆ ਰਲਿਆ ਹੈ ਤੇ ਯੂਨਾਨੀ ਨਾਟਕ ਦਾ ਅੰਦਾਜ਼ ਵੀ। ਫੇਰ ਇਹਨਾਂ ਸੋਮਿਆ ਤੋਂ ਸੰਸਕ੍ਰਿਤ ਨਾਟਕ ਜਨਮ ਕੇ ਪ੍ਰਫੁਲਤ ਹੋਇਆ ਹੈ ਤੇ ਉਸ ਦੀ ਆਤਮਾ ਇਸ ਵਿੱਚ ਸਮਾ ਗਈ। ਇਸ ਮਹਾਨ ਸੋਮੇਂ ਨੂੰ ਪਾਰਸੀ ਨਾਟ ਮੰਡਲੀਆਂ ਦੇ ਨਾਟਕਾਂ ਨੇ ਅਰੋਗ, ਪ੍ਰਭਾਵਸ਼ਾਲੀ ਬਣਾ ਕੇ ਪੰਜਾਬ ਦੇ ਹਾਣ ਦਾ ਬਣਾ ਦਿੱਤਾ। ਸੋ ਪੰਜੇ ਸੋਮੇ ਰਲ ਕੇ ਪੰਜਾਬੀ ਨਾਟਕ ਦਾ ਅਸਲੀ ਮਹਾਨ ਸੋਮਾ ਬਣਦੇ ਹਨ। ਇਹਨਾਂ ਦਾ ਅੰਗ-ਨਿਖੇੜ ਕਰਨਾ ਬਹੁਤ ਕਠਿਨ ਹੈ ਕਿਉਂਕਿ ਪੰਜੇ ਸੋਮਿਆਂ ਨੇ ਆਪਸ ਵਿਚ ਲੀਨ ਹੋ ਕੇ ਪੰਜਾਬੀ ਨਾਟਕ ਦੀ ਸਿਰਜਣਾ ਨੂੰ ਜਨਮ ਦਿੱਤਾ ਹੈ।''4

ਇਸ ਪ੍ਰਕਾਰ ਪੰਜਾਬੀ ਵਿੱਚ ਨਾਟਕ ਅਤੇ ਰੰਗਮੰਚ ਸੰਬੰਧੀ ਕਿਸੇ ਬੱਝਵੀਂ ਪਰੰਪਰਾ ਦਾ ਅਭਾਵ ਹੀ ਰਿਹਾ ਹੈ। ਆਰੀਆਂ ਕਾਲ ਵਿੱਚ ਸੰਸਕ੍ਰਿਤ ਨਾਟਕ ਅਤੇ ਰੰਗਮੰਚ ਵਿਕਸਤ ਹੋਇਆ ਅਤੇ ਮੁਸਲਮਾਨਾਂ ਦੇ ਹਮਲਿਆਂ ਅਤੇ ਇਸਲਾਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਇਹ ਪਰੰਪਰਾ ਵੀ ਅਲੋਪ ਹੋ ਗਈ। ਪੰਜਾਬ ਇੱਕ ਸਰਹੱਦੀ ਸੂਬਾ ਹੋਣਾ ਕਾਰਨ ਪੰਜਾਬ ਵਿੱਚ ਕੋਈ ਇੱਕ ਬੱਝਵੀਂ ਲੋਕ ਨਾਟ ਪਰੰਪਰਾ ਸ਼ਾਇਦ ਕਿਸੇ ਸਮੇਂ ਵੀ ਕਾਇਮ ਨਹੀਂ ਰਹਿ ਸਕੀ। ਧਾੜਵੀਆਂ ਜਾਂ ਬਾਹਰੋਂ ਆ ਕੇ ਹਕੂਮਤ ਕਰਨ ਵਾਲਿਆਂ ਦਾ ਪੰਜਾਬ ਸਦਾ ਹੀ ਸ਼ਿਕਾਰ ਰਿਹਾ ਹੈ। ਜਿਸ ਕਾਰਨ ਪੰਜਾਬੀ ਸਾਹਿਤ ਦੇ ਹੋਰ ਰੂਪਾਂ ਨਾਲੋਂ ਪੰਜਾਬੀ ਨਾਟਕ ਦੀਆਂ ਜੜ੍ਹਾਂ ਵਿੱਚ ਮੌਲਿਕਤਾ ਦੇ ਅੰਸ਼ਾਂ ਦੀ ਹਮੇਸ਼ਾਂ ਹੀ ਘਾਟ ਰਹੀ ਹੈ। ਇਹਨਾਂ ਬਾਹਰੋਂ ਆਈਆਂ ਜਾਤੀਆਂ ਦੇ ਹਮਲਿਆਂ ਕਾਰਨ ਪੰਜਾਬ ਦੀ ਲੋਕ-ਨਾਟ ਪਰੰਪਰਾ ਦਾ ਵੀ ਕੋਈ ਨਿਸ਼ਚਿਤ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਸਰੂਪ ਨਹੀਂ ਬਣ ਸਕਿਆ। ਇਹਨਾਂ ਕਾਰਨਾਂ ਕਰਕੇ ਪੰਜਾਬੀ ਸਾਹਿਤ ਤੇ ਖਾਸ ਕਰਕੇ ਪੰਜਾਬੀ ਨਾਟਕ ਨੂੰ ਜੋ ਘਾਟਾ ਪਿਆ ਇਸ ਸੰਬੰਧੀ ਕਮਲੇਸ਼ ਉੱਪਲ ਨੇ ਕੁਝ ਹੱਦ ਤਕ ਪੰਜਾਬੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਉਂਦੇ ਹੋਏ ਆਖਿਆ ਹੈ:

''ਧਾੜਵੀਆਂ ਹੱਥੋਂ ਮੌਤ ਦਾ ਸਾਹਮਣਾ ਅਕਸਰ ਕਰਦੇ ਰਹਿਣ ਵਾਲੇ ਪੰਜਾਬੀਆਂ ਨੂੰ ਆਪਣੀਆਂ ਹੋਣਦਾਰ ਕਰਨੀਆਂ ਦਾ ਆਪਣੇ ਹੀ ਹੱਥੋਂ ਭੋਗ ਪਾ ਕੇ ਕਿਸੇ ਹੱਡਾਂ 'ਚ ਵਸੇ ਹੋਏ ਅਜੀਬ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਹੀ ਇਸ ਧਰਤੀ ਉੱਤੇ ਸਿਵਾਇ ਕੁਰਬਾਨੀਆਂ, ਸ਼ਹੀਦੀਆਂ ਜਾਂ ਕਿਸੇ ਹੇਤ ਖਾਤਰ ਮਰ ਮਿਟਣ ਵਾਲੇ ਸਾਕਿਆਂ ਦੇ ਹੋਰ ਕੁਝ ਚੰਗਾ ਵਾਪਰਦਾ ਨਹੀਂ। ਬਹੁਤ ਵਾਰ ਅਜਿਹਾ ਹੋਇਆ ਹੈ ਕਿ ਚੰਗਾ ਕਲਾ ਦਾ ਅਸੀਂ ਪੰਜਾਬੀ ਮਾਦਾ ਭਰੂਣ ਹੱਤਿਆ ਕਰਨ ਵਾਂਗ ਛੇਤੀ ਹੀ ਭੋਗ ਪਾ ਦਿੰਦੇ ਹਾਂ।''5

ਪੰਜਾਬ ਦੀ ਵਾਰ-ਵਾਰ ਹੁੰਦੀ ਵੰਡ ਕਾਰਨ ਅਜੋਕੇ ਪੰਜਾਬ ਦਾ ਹਿੱਸਾ, ਪ੍ਰਾਚੀਨ ਪੰਜਾਬ ਦੇ ਅੱਧੇ ਹਿੱਸੇ ਦਾ ਵੀ ਅੱਧ ਰਹਿ ਗਿਆ ਹੈ। ਜਿਸ ਕਾਰਨ ਪੰਜਾਬ ਵਿਚ ਸਮੇਂ-ਸਮੇਂ ਪੈਦਾ ਹੋਇਆਂ ਲੋਕ-ਨਾਟ ਕਲਾਵਾਂ ਭੰਡਾਂ ਦੀਆਂ ਨਕਲਾਂ, ਨੌਟੰਕੀ, ਰਾਸ ਲੀਲ੍ਹਾ, ਰਾਮ ਲੀਲ੍ਹਾ, ਸ੍ਵਾਂਗ ਆਦਿ ਖਿੰਡ-ਪੁੰਡ ਗਈਆਂ ਹਨ। ਅੱਜ ਸਾਨੂੰ ਲੋਕ-ਨਾਟ ਕਲਾਵਾਂ ਦਾ ਕੋਈ ਵਿਰਲਾ ਰੂਪ ਹੀ ਦੇਖਣ ਨੂੰ ਮਿਲਦਾ ਹੈ। ਇਉਂ ਪੰਜਾਬੀਆਂ ਨੂੰ ਨਾਟਕ ਖੇਡਣ ਅਤੇ ਖ਼ਾਸ ਕਰਕੇ ਨਾਟਕ ਲਿਖਣ ਦੀ ਚੇਟਕ ਸਹੀ ਅਰਥਾਂ ਵਿੱਚ ਪੱਛਮੀ ਨਾਟਕਾਂ ਦੇ ਅਧਿਐਨ ਤੋਂ ਮਿਲੀ ਹੈ। 19ਵੀਂ ਸਦੀ ਦੇ ਅੰਤ ਵਿੱਚ ਪਾਰਸੀ ਨਾਟ-ਮੰਡਲੀਆਂ, ਸੰਸਕ੍ਰਿਤ ਥੀਏਟਰ ਅਤੇ ਸ਼ੈਕਸਪੀਅਰੀ ਥੀਏਟਰ ਦਾ ਮਿਲਿਆ-ਜੁਲਿਆ ਰੂਪ ਨਾਟਕੀ ਪੇਸ਼ਕਾਰੀ ਵਜੋਂ ਪੇਸ਼ ਕਰਦੀਆਂ ਸਨ। ਇਹਨਾਂ ਮੰਡਲੀਆਂ ਦੇ ਆਉਣ ਨਾਲ ਪੰਜਾਬ ਵਿੱਚ ਰੰਗਮੰਚ ਦੀ ਗੱਲ ਤੁਰੀ ਅਤੇ ਨਾਟਕੀ ਪੇਸ਼ਕਾਰੀ ਬਾਰੇ ਲੋਕਾਂ ਨੂੰ ਸੋਝੀ ਹੋਈ। ਇਨ੍ਹਾਂ ਕੰਪਨੀਆਂ ਦੀ ਦੇਖਾ ਦੇਖੀ ਸ਼ਹਿਰਾਂ ਵਿੱਚ ਕ੍ਰਿਸ਼ਨ ਨਾਟਕ ਕਲੱਬ, ਰਾਮ ਨਾਟਕ ਕਲੱਬ, ਹਨੂਮਾਨ ਨਾਟਕ ਕਲੱਬ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ ਸਕਾਊਟ ਨਾਵਾਂ ਹੇਠ ਕਲੱਬਾਂ ਬਣਾਈਆਂ ਗਈਆਂ।

ਪੰਜਾਬੀ ਵਿੱਚ ਸਭ ਤੋਂ ਪਹਿਲਾਂ ਨਾਟਕਾਂ ਦੇ ਅਨੁਵਾਦ ਦਾ ਕੰਮ ਸ਼ੁਰੂ ਹੋਇਆ। 1849 ਈ. ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਨਾਲ ਪੰਜਾਬ ਵਿੱਚ ਕਈ ਸਕੂਲ, ਕਾਲਜਾਂ ਦੀ ਸਥਾਪਨਾ ਹੋਈ। ਇਹਨਾਂ ਸਕੂਲਾਂ, ਕਾਲਜਾਂ ਵਿੱਚ ਅੰਗਰੇਜ਼ੀ ਭਾਸ਼ਾ ਨੂੰ ਪਹਿਲ ਦਿੰਦਿਆਂ, ਸ਼ੈਕਸਪੀਅਰ ਦੇ ਨਾਟਕਾਂ ਨੂੰ ਪੜ੍ਹਾਉਣ ਵਾਲੇ ਪੰਜਾਬੀ ਅਧਿਆਪਕਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਆਰੰਭ ਕਰ ਦਿੱਤਾ। ਇਹਨਾਂ ਅਨੁ-ਵਾਦਕ ਨਾਟਕਾਂ ਨੂੰ ਪੜ੍ਹਾਉਣ ਵਾਲੇ ਪੰਜਾਬੀ ਅਧਿਆਪਕਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਨਾ ਆਰੰਭ ਕਰ ਦਿੱਤਾ। ਇਹਨਾਂ ਅਨੁਵਾਦਕ ਨਾਟਕਾਂ ਤੋਂ ਬਾਅਦ ਵਿੱਚ ਪੰਜਾਬੀ ਸਾਹਿਤ ਦੇ ਹੋਰਾਂ ਰੂਪਾਂ ਵਾਂਗ ਪੰਜਾਬੀ ਨਾਟਕ ਦਾ ਆਰੰਭ ਵੀ ਭਾਈ ਵੀਰ ਸਿੰਘ ਦੇ ਨਾਟਕ 'ਰਾਜਾ ਲਖਦਾਤਾ ਸਿੰਘ' ਤੋਂ ਮੰਨਿਆ ਜਾਂਦਾ ਹੈ। ਬਾਵਾ ਬੁੱਧ ਸਿੰਘ ਦਾ 'ਮੁੰਦਰੀ ਛੱਲ', ਕਿਰਪਾ ਸਾਗਰ ਦਾ 'ਮਹਾਰਾਜਾ ਰਣਜੀਤ ਸਿੰਘ', 'ਡੀਡੋ ਜਮਵਾਲ' 'ਸੁਕੰਨਿਆਂ' ਤੇ 'ਪੂਰਨ' ਆਦਿ, ਫੀਰੋਜ਼ਦੀਨ ਸ਼ਰਫ ਦਾ 'ਹੀਰ ਸਿਆਲ' ਅਤੇ ਗਿਆਨੀ ਦਿੱਤ ਸਿੰਘ ਦਾ 'ਸੁਪਨ' ਨਾਟਕ ਵੀ ਪੰਜਾਬੀ ਦੇ ਮੁੱਢਲੇ ਨਾਟਕਾਂ ਵਿੱਚੋਂ ਹਨ। ਪਰ ਇਨ੍ਹਾਂ ਨਾਟਕਾਂ ਨੂੰ ਆਧੁਨਿਕ ਤਕਨੀਕੀ ਨਾਟਕ ਕਹਿਣਾ ਉਚਿਤ ਨਹੀਂ, ਕਿਉਂਕਿ ਇਹ ਨਾਟਕ ਆਧੁਨਿਕ ਨਾਟਕਾਂ ਦੀ ਤਰ੍ਹਾਂ ਰੰਗਮੰਚ ਨੂੰ ਮੁੱਖ ਰੱਖ ਕੇ ਨਹੀਂ ਲਿਖੇ ਗਏ ਅਤੇ ਨਾ ਹੀ ਇਨ੍ਹਾਂ ਨੂੰ ਰੰਗਮੰਚ ਤੇ ਖੇਡਿਆ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਜਾ ਸਕਦਾ ਹੈ। ਇਸ ਲਈ ਡਾ. ਸਤੀਸ਼ ਕੁਮਾਰ ਵਰਮਾ ਅਨੁਸਾਰ 'ਪੰਜਾਬੀ ਨਾਟਕ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੀ ਉਪਜ ਹੈ। ਭਾਵੇਂ ਇਸ ਤੋਂ ਪਹਿਲਾਂ ਕੁਝ ਇੱਕ ਯਤਨ ਪ੍ਰਾਪਤ ਹਨ ਪਰੰਤੂ ਵਿਧੀਵਤ ਆਰੰਭ ਆਈ. ਸੀ. ਨੰਦਾ ਦੀ ਨਾਟਕਾਕਾਰੀ ਤੋਂ ਹੀ ਮੰਨਿਆ ਗਿਆ ਹੈ ਤੇ ਪੰਜਾਬੀ ਨਾਟ-ਆਲੋਚਨਾ ਵਿੱਚ ਇਹ ਲਗਭਗ ਸਵੀਕ੍ਰਿਤ ਸਥਿਤੀ ਹੈ।6

ਅਜੋਕੇ ਸਮੇ ਵਿਚ ਪੱਛਮੀ ਪ੍ਰਭਾਵਾਂ ਹੇਠ ਵਿਗਸ ਰਹੀ ਨਾਟ-ਧਾਰਾ ਨੂੰ ਨਿਖੜਵੇਂ ਰੂਪ ਵਿੱਚ ਸਥਾਪਿਤ ਕਰਨ ਵਿੱਚ ਸਭ ਤੋਂ ਵੱਧ ਹੱਥ ਦਿਆਲ ਸਿੰਘ ਕਾਲਜ ਲਾਹੌਰ ਦੇ ਅੰਗਰੇਜ਼ੀ ਦੇ ਪ੍ਰੋ: ਮਿਸਿਜ਼ ਨੌਰਾ ਨੇ ਆਪਣੇ ਵਿਦਿਆਰਥੀ ਈਸ਼ਵਰ ਚੰਦਰ ਨੰਦਾ ਅਤੇ ਮੁੜ ਹਰਚਰਨ ਸਿੰਘ ਨੂੰ ਪੰਜਾਬੀ ਵਿੱਚ ਰੰਗਮੰਚ ਨੂੰ ਮੁੱਖ ਰੱਖਦੇ ਹੋਏ ਮੌਲਿਕ ਨਾਟਕ ਲਿਖਣ ਦੀ ਪ੍ਰੇਰਨਾ ਦਿੱਤੀ।

ਇਸ ਉਤਸ਼ਾਹ ਅਧੀਨ ਹੀ ਪੰਜਾਬੀ ਦਾ ਪਹਿਲਾ ਮੌਲਿਕ ਨਾਟਕ 'ਦੁਲਹਨ' ਲਿਖਕੇ ਆਈ. ਸੀ. ਨੰਦਾ ਨੇ ਪੰਜਾਬੀ ਨਾਟਕ ਦਾ ਪਹਿਲਾ ਨਾਟਕਕਾਰ ਹੋਣ ਦਾ ਮਾਣ ਪ੍ਰਾਪਤ ਕੀਤਾ। ਇਸ ਤੋਂ ਬਾਅਦ ਡਾ. ਹਰਚਰਨ ਸਿੰਘ ਨੇ ਨੌਰਾ ਰਿਚਰਡਜ਼ ਦੀ ਪ੍ਰੇਰਨਾ ਅਧੀਨ ਹੀ ਪੰਜਾਬੀ ਰੰਗਮੰਚ ਨੂੰ ਨਿਵੇਕਲੀ ਰਚਨਾ ਦੁਖਾਂਤ ਨਾਟਕ 'ਕਮਲਾ ਕੁਮਾਰੀ' ਦੀ ਰਚਨਾ ਵਿੱਚ ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਗੁਰਬਖਸ਼ ਸਿੰਘ, ਗੁਰਦਿਆਲ ਸਿੰਘ ਖੋਸਲਾ ਅਤੇ ਗੁਰਦਿਆਲ ਸਿੰਘ ਫੁੱਲ ਆਦਿ ਨਾਟਕਕਾਰਾਂ ਨੇ ਪੰਜਾਬੀ ਨਾਟਕ ਦੇ ਖੇਤਰ ਵਿੱਚ ਆਪੋ ਆਪਣੀ ਪ੍ਰਤਿਭਾ ਅਨੁਸਾਰ ਯੋਗਦਾਨ ਪਾਇਆ। ਇਸ ਪੀੜ੍ਹੀ ਭਾਵ ਪਹਿਲੀ ਪੀੜ੍ਹੀ ਦੀ ਨਾਟਕੀ ਰਚਨਾ ਬਾਰੇ ਕੁਲਦੀਪ ਸਿੰਘ ਧੀਰ ਦੇ ਵਿਚਾਰ ਅਨੁਸਾਰ ਕਿਹਾ ਜਾ ਸਕਦਾ ਹੈ :

''1947 ਤੱਕ ਪੰਜਾਬੀ ਨਾਟਕ ਬਾਹਰਮੁੱਖੀ ਯਥਾਰਥਵਾਦ ਤੇ ਸਮਕਾਲੀਨ ਸਮੱਸਿਆਵਾਂ ਦੇ ਸਮਾਧਾਨ ਨਾਲ ਹੀ ਬੱਝਾ ਰਿਹਾ। ਇਹ ਸਮਾਂ ਆਰੰਭਕ ਅਭਿਮਾਨ ਦਾ ਪੜਾਅ ਸੀ ਜਿਸ ਦੌਰਾਨ ਪੰਜਾਬੀ ਵਿੱਚ ਨਾਟਕ ਲਿਖਣ ਦੀ ਰੁਚੀ ਦਾ ਜਨਮ ਹੋਇਆ। ਪੰਜਾਬੀ ਨਾਟਕ ਨਾ ਕੇਵਲ ਇੱਕ ਨਿਖੜਵੇਂ ਸਾਹਿਤਕ ਮਾਧਿਅਮ ਦੇ ਰੂਪ ਵਿੱਚ ਸਥਾਪਿਤ ਹੋਇਆ ਸਗੋਂ ਮੰਚ ਵੀ ਜੀਵਨ ਨਾਲ ਧੜਕਨ ਲੱਗਾ।''7

1947 ਦੀ ਵੰਡ ਤੋਂ ਬਾਅਦ ਸ਼ਾਂਤੀ ਤੇ ਸਾਂਸਕ੍ਰਿਤਕ ਜਾਗ੍ਰਤੀ ਦਾ ਵਾਤਾਵਰਣ ਪ੍ਰਾਪਤ ਕਰਕੇ ਪਹਿਲੀ ਵਾਰ ਪੰਜਾਬੀ ਨਾਟਕ ਤੇ ਰੰਗਮੰਚ ਦਾ ਵਿਕਾਸ ਬਹੁਤ ਸੰਤੋਖਜਨਕ ਅਤੇ ਇਛਾਵਾਂ ਭਰਿਆ ਰਿਹਾ ਹੈ। ਇਸ ਕਾਲ ਵਿਚ ਪੰਜਾਬੀ ਨਾਟਕ ਦੀ ਰਚਨਾ ਕਰਨ ਵਾਲੇ ਦੂਜੀ ਪੀੜ੍ਹੀ ਦੇ ਨਾਟਕਕਾਰ ਸੁਰਜੀਤ ਸਿੰਘ ਸੇਠੀ, ਹਰਸਰਨ ਸਿੰਘ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ, ਪਰਿਤੋਸ਼ ਗਾਰਗੀ, ਅਮਰੀਕ ਸਿੰਘ ਆਦਿ ਹਨ, ਜਿਨ੍ਹਾਂ ਨੇ ਨਵੀਆਂ ਪਰਿਸਥਿਤੀਆਂ ਵਿੱਚ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਨਾਟਕ ਦੇ ਖੇਤਰ ਵਿੱਚ ਬਹੁਤ ਕੁਝ ਅਜਿਹਾ ਪੈਦਾ ਕੀਤਾ ਹੈ ਜੋ ਆਜ਼ਾਦੀ ਤੋਂ ਪਹਿਲਾਂ ਦੇ ਨਾਟਕ ਵਿੱਚ ਨਹੀਂ ਮਿਲਦਾ। ਆਜ਼ਾਦੀ ਤੋਂ ਪਹਿਲਾਂ ਨਾਟਕ ਜਿੱਥੇ ਸਮਾਜਿਕ ਸਮੱਸਿਆਵਾਂ ਦੇ ਅੰਤਰਗਤ ਗਰੀਬੀ, ਅਣਪੜ੍ਹਤਾ, ਵਿਆਹ ਆਦਿ ਮਸਲੇ ਛੋਹਦਾ ਸੀ, ਉਥੇ ਅਜ਼ਾਦੀ ਤੋਂ ਮਗਰੋਂ ਵਾਲੇ ਨਾਟਕਾਂ ਵਿੱਚ ਦੇਸ਼ ਵੰਡ ਦੇ ਦੁਖਾਂਤ, ਕੌਮੀ ਨਵ ਉਸਾਰੀ ਤੇ ਮੁੜ ਰਾਜਸੀ ਭ੍ਰਿਸ਼ਟਾਚਾਰੀ ਦੀ ਆਮਦ ਦੇ ਮਸਲੇ ਦ੍ਰਿਸ਼ਟੀਗੋਚਰ ਹੁੰਦੇ ਹਨ ਅਤੇ ਇਨ੍ਹਾਂ ਮਸਲਿਆਂ ਵਿੱਚ ਤੀਜੀ ਪੀੜ੍ਹੀ ਦੇ ਨਾਟਕਕਾਰ ਆਤਮਜੀਤ, ਅਜ਼ਮੇਰ ਸਿੰਘ ਔਲਖ, ਚਰਨ ਦਾਸ ਸਿੱਧੂ, ਗੁਰਸ਼ਰਨ ਸਿੰਘ, ਆਤਮਜੀਤ ਗਰੇਵਾਲ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਆਦਿ ਨਾਟਕਕਾਰਾਂ ਨੇ ਆਰਥਿਕ ਤੰਗੀਆਂ ਵਿੱਚ ਨਪੀੜੀ ਜਾ ਰਹੀ ਮਨੁੱਖਤਾ ਦੇ ਮਾਨਸਿਕ ਸੰਘਰਸ਼ ਤੇ ਮਨੋਵਿਗਿਆਨਕ ਸਮੱਸਿਆਵਾਂ ਦੇ ਪਿਛੋਕੜ ਵਿੱਚ ਰਾਜਸੀ ਢਾਂਚੇ ਰਾਹੀਂ ਫੈਲੇ ਭ੍ਰਿਸ਼ਟਾਚਾਰ ਨੂੰ ਉਜਾਗਰ ਕੀਤਾ ਹੈ। ਪੰਜਾਬੀ ਨਾਟਕ ਦੇ ਮੁੱਢ ਤੋਂ ਵੀਹਵੀਂ ਸਦੀ ਦੀ ਨਾਟਕ ਪਰੰਪਰਾ ਬਾਰੇ ਡਾ. ਸਤੀਸ਼ ਕੁਮਾਰ ਵਰਮਾ ਦਾ ਵਿਚਾਰ ਹੈ :-

''ਇਸੇ ਸਥਿਤੀ ਵਿੱਚੋਂ ਬਿਨਾ ਕਿਸੇ ਭਰਪੂਰ ਪਿਛੋਕੜ ਅਤੇ ਲੋਕ ਨਾਟ ਦੀ ਅਲਪ ਜਿਹੀ ਪਰੰਪਰਾ ਦੇ ਹੁੰਦਿਆ ਪੱਛਮੀ ਨਾਟਕ ਦੇ ਮਾਡਲ ਤੋਂ ਆਰੰਭ ਹੋਣ ਦੇ ਬਾਵਜੂਦ ਪੰਜਾਬੀ ਨਾਟਕ ਪੂਰੀ ਵੀਹਵੀਂ ਸਦੀ ਦੌਰਾਨ ਆਪਣੇ ਆਪ ਵਿੱਚ ਇੱਕ ਪਰੰਪਰਾ ਬਣਨ ਦੇ ਸਮੱਰਥ ਹੋਇਆ ਹੈ।''8

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਪਹਿਲੀ ਪੀੜ੍ਹੀ ਦੀ ਨਾਟਕੀ ਰਚਨਾ ਤੋਂ ਬਾਅਦ ਦੂਜੀ ਪੀੜ੍ਹੀ ਅਤੇ ਤੀਜੀ ਪੀੜ੍ਹੀ ਦੇ ਨਾਟਕੀ ਦੌਰ ਤੱਕ ਸਮਾਜਿਕ ਸਮੱਸਿਆਵਾਂ ਦੇ ਨਾਲ-ਨਾਲ ਪੰਜਾਬ ਵਿੱਚ ਆਰਥਿਕ, ਧਾਰਮਿਕ, ਮਨੋਵਿਗਿਆਨਕ ਅਤੇ ਰਾਜਨੀਤਕ ਪੱਖ ਤੋਂ ਪੰਜਾਬ ਵਿੱਚ ਅਜਿਹੇ ਬਦਲਾਵ ਹੋ ਰਹੇ ਸਨ ਕਿ ਇਸ ਬਦਲਦੇ ਵਾਤਾਵਰਣ ਵਿੱਚ ਪੰਜਾਬੀ ਨਾਟਕ ਵਿੱਚ ਵੀ ਵਿਸ਼ੇ, ਰੂਪ ਅਤੇ ਤਕਨੀਕੀ ਪੱਖ ਤੋਂ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਇਹਨਾਂ ਤਬਦੀਲੀਆਂ ਕਾਰਨ ਹੀ ਪੀੜ੍ਹੀ ਦਰ ਪੀੜ੍ਹੀ ਅਜਿਹੇ ਨਾਟਕਕਾਰ ਪੰਜਾਬੀ ਨਾਟਕ ਦੇ ਪਿੜ ਵਿੱਚ ਨਿਤਰਦੇ ਹਨ ਜਿੰਨ੍ਹਾਂ ਨੇ ਆਪਣੀ ਧਰਤੀ, ਆਪਣੀ ਬੋਲੀ ਅਤੇ ਇਸ ਬੋਲੀ ਦੇ ਮੁਹਾਵਰੇ ’ਚ ਆਪਣੇ ਖਿੱਤੇ ਦੇ ਆਮ ਆਦਮੀ ਦੀ ਜ਼ਿੰਦਗੀ ਦੀ ਤਸਵੀਰ ਨੂੰ ਨਾਟਕੀ ਰੂਪ ਦਿੱਤਾ ਹੈ। ਇਸ ਸਮੇਂ ਇਤਿਹਾਸ, ਮਿਥਿਹਾਸ, ਸਮਕਾਲ, ਰਾਜਸੀ, ਸਮਾਜਿਕ, ਮਨੋਵਿਗਿਆਨਕ ਭਾਵ ਸਾਰੇ ਹੀ ਪੱਖ ਪੰਜਾਬੀ ਨਾਟਕ ਦਾ ਅਧਾਰ ਬਣਦੇ ਹਨ। ਪੰਜਾਬੀ ਨਾਟਕ ਦੇ ਵਿਕਾਸ ਸੰਬੰਧੀ ਬ੍ਰਹਮ ਜਗਦੀਸ਼ ਦਾ ਵਿਚਾਰ ਹੈ :-

''ਇੱਥੇ ਚਾਹੇ ਕੋਈ ਆਈ. ਸੀ. ਨੰਦਾ ਹੋਵੇ, ਚਾਹੇ ਬਲਵੰਤ ਗਾਰਗੀ ਅਤੇ ਚਾਹੇ ਅਜਮੇਰ ਔਲਖ-ਹਰ ਇੱਕ ਰੰਗਕਰਮੀ ਨੇ ‘ਸਿਫ਼ਰ’ (ਜ਼ੀਰੋ) ਤੋਂ ਕੰਮ ਸ਼ੁਰੂ ਕੀਤਾ ਅਤੇ ਜਿਤਨੀ ਕੁ ਉਸ ਵਿੱਚ ਪ੍ਰਤਿਭਾ ਅਤੇ ਹਿੰਮਤ ਸੀ। ਉਹ ਆਪਣੇ ਕੰਮ ਨੂੰ ਉਸ ਮੰਜ਼ਿਲ ਤਕ ਲੈ ਗਿਆ। ਇਹੀ ਕਾਰਣ ਹੈ ਕਿ ਕਲਾ ਦੇ ਖੇਤਰ ਵਿੱਚ ਵਿਕਾਸ ਦੀਆਂ ਉਹੋ ਜਿਹੀਆਂ ਸਿਖਰਾਂ ਨਹੀਂ ਛੋਹੀਆਂ ਜਾ ਸਕਦੀਆਂ ਜੋ ਮਾਨਵਤਾ ਨੇ ਵਿਗਿਆਨਕ ਕਾਢਾਂ, ਕ੍ਰਿਸ਼ੀ ਦੇ ਕਲਾ ਦੇ ਹੋਰ ਖੇਤਰਾਂ ਵਾਂਗ ਨਾਟਕ ਅਤੇ ਰੰਗਮੰਚ ਦੇ ਵਿਕਾਸ ਦਾ ਵੀ ਕੋਈ ਸਿੱਧਾ ਅਤੇ ਸਰਲ ਗਰਾਫ਼ ਨਹੀਂ ਬਣਾਇਆ ਜਾ ਸਕਦਾ।''9

ਪੰਜਾਬੀ ਨਾਟਕ ਨੇ ਉਸ ਵੀਹਵੀਂ ਸਦੀ ਵਿੱਚ ਨਿਕਾਸ ਤੇ ਵਿਕਾਸ ਕੀਤਾ ਜਿਹੜੀ ਸਦੀ ਸਮੁੱਚੇ ਵਿਸ਼ਵ, ਭਾਰਤ ਤੇ ਪੰਜਾਬ ਲਈ ਕਈ ਪੱਖਾਂ ਤੋਂ ਵਿਸ਼ੇਸ਼ ਮਹੱਤਵ ਰੱਖਦੀ ਹੈ। ਵੀਹਵੀਂ ਸਦੀ ਦੇ ਮੁੱਢ ਵਿੱਚ ਆਰੰਭ ਹੋਈ ਪੰਜਾਬੀ ਨਾਟ-ਪਰੰਪਰਾ ਇਸ ਦੌਰ ਵਿੱਚ ਵੀਹਵੀਂ ਸਦੀ ਦੇ ਅੰਤਲੇ ਤੇ ਇਕਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਇੱਕ ਸਿਖਰ ਗ੍ਰਹਿਣ ਕਰਦੀ ਹੈ। ਸਮਕਾਲੀ ਪੰਜਾਬੀ ਨਾਟਕ ਆਧੁਨਿਕ ਤੇ ਨਵੀਨ ਪ੍ਰਵ੍ਰਿਤੀਆਂ ਉਪਰ ਅਧਾਰਿਤ ਹੈ। ਇਸਨੂੰ ਕਿਸੇ ਇੱਕ ਦਾਇਰੇ ਵਿੱਚ ਸੀਮਤ ਕਰਕੇ ਨਹੀਂ ਰੱਖਿਆ ਜਾ ਸਕਦਾ। ਆਧੁਨਿਕ ਸਮੇਂ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਵਿੱਚ ਟੀ. ਵੀ. ਮਾਧਿਅਮ ਤੇ ਮੀਡੀਆ ਨੂੰ ਨਾਟਕ ਦੀ ਵਿਧਾ ਲਈ ਖ਼ਤਰਾ ਸਮਝਿਆ ਜਾਂਦਾ ਹੈ ਜਦਕਿ ਆਧੁਨਿਕ ਸੰਚਾਰ ਮੀਡੀਆ ਨੂੰ ਨਾਟਕ ਦੇ ਵਿਕਾਸ ਲਈ ਖਤਰਾ ਨਾ ਮੰਨਦੇ ਹੋਈ ਡਾ. ਸਤੀਸ਼ ਕੁਮਾਰ ਵਰਮਾ ਦਾ ਕਹਿਣਾ ਹੈ :-

''ਆਧੁਨਿਕ ਸੰਚਾਰ ਮੀਡੀਆ ਭਾਵ ਟੀ. ਵੀ. ਦੇ ਪ੍ਰਸੰਗ ਵਿੱਚ ਨਾਟਕ ਵਿਸ਼ੇਸ਼ ਕਰ ਪੰਜਾਬੀ ਨਾਟਕ ਦੀ ਹੋਂਦ ਤੇ ਭਵਿੱਖ ਨੂੰ ਕੋਈ ਖਤਰਾ ਨਹੀਂ। ਹਾਂ ਇਕ ਪੱਖ ਹੋਰ ਧਿਆਨ ਦੀ ਮੰਗ ਜ਼ਰੂਰ ਕਰਦਾ ਹੈ। ਆਧੁਨਿਕ ਸੰਚਾਰ ਮੀਡੀਆ 'ਨਾਟਕ ਦੇ ਵਿਕਾਸ' ਲਈ ਖਤਰਾ ਹੋਣ ਦੀ ਥਾਂ 'ਸਹਾਇਕ' ਸਿੱਧ ਹੋ ਸਕਦਾ ਹੈ। ਇਹ ਗੱਲ ਪੰਜਾਬੀ ਨਾਟਕਕਾਰਾਂ, ਨਾਟ ਸਮੀਖਿਅਕਾਂ ਅਤੇ ਰੰਗਕਰਮੀਆਂ ਦੇ ਵਿਚਾਰਨ ਵਾਲੀ ਹੈ। ਆਧੁਨਿਕ ਸੰਚਾਰ ਮੀਡੀਆ ਨੇ ਟੀ.ਵੀ. ਸੀਰੀਅਲਾਂ ਰਾਹੀਂ ਇੱਕ 'ਉਸਾਰੂ' ਕੰਮ ਵੀ ਕੀਤਾ ਹੈ। ਉਹ ਹੈ ਦਰਸ਼ਕ ਨੂੰ ਬਹੁਤ ਸਾਰਾ 'ਦ੍ਰਿਸ਼ ਮਾਧਿਅਮ' ਵਿਖਾ ਵਿਖਾ ਕੇ ਇਸ ਮਾਧਿਅਮ ਵਿਚਲੀ 'ਵਿਧਾ ਦੀ ਜਟਿਲਤਾ' ਦਾ ਸਰਲੀਕਰਨ ਕਰਨਾ ਅਤੇ ਇਸ ਨੂੰ ਸਮਝਣ ਦੇ ਯੋਗ ਬਣਾਉਣਾ''10

ਅਜੋਕੇ ਪੰਜਾਬੀ ਨਾਟਕ ਦੇ ਉਪਰੋਕਤ ਪ੍ਰਸੰਗ ਵਿੱਚ ਹੀ ਸਮਕਾਲੀ ਪੰਜਾਬੀ ਨਾਟਕ ਦੀ ਭੂਮਿਕਾ ਨਿਰਧਾਰਿਤ ਕੀਤੀ ਜਾ ਸਕਦੀ ਹੈ। ਸਮਕਾਲੀ ਨਾਟਕ ਤੋਂ ਭਾਵ ਨਾਟਕ ਦੇ ਸਮਕਾਲੀ ਰਾਜਸੀ, ਸਮਾਜਿਕ ਅਤੇ ਸਭਿਆਚਾਰਕ ਸੰਕਟਾਂ ਦੀ ਨਿਸ਼ਾਨਦੇਹੀ ਕਰਨ ਤੋਂ ਲਿਆ ਜਾਂਦਾ ਹੈ। ਨਾਟਕ ਦਾ ਸਮਕਾਲੀ ਪਰਿਸਥਿਤੀਆਂ ਭਾਵ ਰਾਜਸੀ ਸਰੋਕਾਰਾਂ ਨਾਲ ਜੁੜੇ ਹੋਣਾ ਲਾਜ਼ਮੀ ਹੈ। ਇਸ ਸੰਬੰਧੀ ਹੋਰ ਸਪਸ਼ਟ ਰੂਪ ਵਿੱਚ ਡਾ. ਸਤੀਸ਼ ਕੁਮਾਰ ਵਰਮਾ ਦਾ ਕਹਿਣਾ ਹੈ:

''ਕੋਈ ਨਾਟਕ ਸਮਕਾਲ ਵਿੱਚ ਰਚੇ ਜਾਣ ਦੇ ਬਾਵਜੂਦ ਅਤੀਤ ਮੁੱਖੀ ਹੋ ਸਕਦਾ ਹੈ ਭਾਵ ਉਹ ਨਾਟਕ ਸਮਕਾਲੀ ਪਰਿਸਥਿਤੀਆਂ ਨੂੰ ਕਿਸੇ ਅਤੀਤਕਾਲੀ ਮੁਹਾਵਰੇ ਵਿੱਚ ਢਾਲ ਕੇ ਪੇਸ਼ ਕਰਦਾ ਹੈ ਪਰੰਤੂ ਸਮਕਾਲ ਵਿੱਚ ਰਚਿਆ ਗਿਆ ਉਹ ਨਾਟਕ 'ਸਮਕਾਲੀ' ਹੋਣ ਦਾ ਭਾਗੀ ਬਣਦਾ ਹੈ ਜਿਹੜਾ ਸਮਕਾਲੀ ਪਰਿਸਥਿਤੀਆਂ ਨੂੰ ਵਰਤਮਾਨ ਮੁਖੀ ਮੁਹਾਵਰੇ ਵਿੱਚ ਪੇਸ਼ ਕਰੇ ਅਤੇ ਉਸ ਵਿਚਲੇ ਭਵਿੱਖ ਮੁੱਖੀ ਪਾਸਾਰ ਵੀ ਦ੍ਰਿਸ਼ਟੀਗੋਚਰ ਹੁੰਦੇ ਹੋਣ।''11

ਆਧੁਨਿਕ ਪੰਜਾਬੀ ਨਾਟਕ ਨੇ ਇਸ ਸਾਰੇ ਸੋਮੇ ਦੌਰਾਨ ਨਾਟ-ਵਸਤੂ ਅਤੇ ਨਾਟ-ਸੰਚਾਰ ਦੀ ਦ੍ਰਿਸ਼ਟੀ ਤੋਂ ਇੱਕ ਨਿਰੰਤਰ ਤਲਾਸ਼ ਵਾਲਾ ਚਰਿੱਤਰ ਅਖ਼ਤਿਆਰ ਕੀਤਾ ਹੈ। ਇੱਕ ਪਾਸੇ ਕੌਮਾਂਤਰੀ, ਕੌਮੀ ਤੇ ਪ੍ਰਾਂਤਿਕ ਸਮੱਸਿਆਵਾਂ ਪੰਜਾਬੀ ਨਾਟਕ ਦੇ ਅਧਾਰ-ਤੱਤ ਵਜੋਂ ਕਾਰਜਸ਼ੀਲ ਰਹੀਆਂ ਹਨ। ਦੂਜੇ ਪਾਸੇ ਵਿਸ਼ਵ ਪੱਧਰ 'ਤੇ ਪ੍ਰਚਾਲਿਤ ਨਾਟ-ਸ਼ੈਲੀਆਂ ਨੂੰ ਸਮੇਂ-ਸਮੇਂ ਪੰਜਾਬੀ ਨਾਟਕ ਨੇ ਅੰਗੀਕਾਰ ਕੀਤਾ ਹੈ। ਇਨ੍ਹਾਂ ਦੇ ਆਧਾਰ ਤੇ ਪੰਜਾਬੀ ਨਾਟਕ ਦੀ ਗਤੀਸ਼ੀਲਤਾ ਬਰਕਰਾਰ ਰਹੀ ਹੈ। ਇਸ ਸਮੇਂ ਪ੍ਰਗਤੀਸ਼ੀਲ ਧਾਰਾ ਦੀ ਇਪਟਾ ਲਹਿਰ, ਪ੍ਰਯੋਗਸ਼ੀਲ ਲਹਿਰ, ਨਕਸਲਵਾਦੀ ਲਹਿਰ, ਐਮਰਜੈਂਸੀ, ਪੰਜਾਬੀ ਸੰਕਟ ਦੌਰ, ਉਤਰ ਆਧੁਨਿਕਤਾ ਦਾ ਪ੍ਰਵੇਸ਼ ਆਦਿ ਅਜਿਹੇ ਫੈਸਲਾਕੁਨ ਮੋੜ ਹਨ ਜਿੱਥੇ ਪੰਜਾਬੀ ਨੇ ਵਿਚਾਰ ਅਤੇ ਸੰਚਾਰ ਲਈ ਨਵੇਂ ਧਰਾਤਲਾਂ ਦੀ ਖੋਜ ਕਰਦਿਆਂ ਆਪਣੀਆਂ ਸੰਭਾਵਨਾਵਾਂ ਉਜਾਗਰ ਕੀਤੀਆਂ। ਇਸ ਪਾਸਾਰ ਵਿੱਚ ਮੁੱਖ ਤੌਰ 'ਤੇ ਪੰਜਾਬੀ ਨਾਟਕਕਾਰਾਂ ਦੀਆਂ ਚਾਰ ਪੀੜ੍ਹੀਆਂ ਕਾਰਜਸ਼ੀਲ ਰਹੀਆਂ।12

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਮੌਜੂਦਾ ਪੰਜਾਬੀ ਨਾਟਕ ਦੇ ਪ੍ਰਸੰਗ ਵਿੱਚ ਵੀਹਵੀਂ ਸਦੀ ਦੇ ਦਸਵੇਂ ਦਹਾਕੇ ਦੇ ਮੁੱਢ ਵਿੱਚ ਹੀ ਚੌਥੀ ਪੀੜ੍ਹੀ ਦੇ ਨਾਟਕ ਉਭਰਕੇ ਸਾਹਮਣੇ ਆਉਣ ਦੇ ਸੰਕੇਤ ਮਿਲਣੇ ਆਰੰਭ ਹੋ ਜਾਂਦੇ ਹਨ। ਪੰਜਾਬੀ ਨਾਟਕ ਦੀ ਇਸ ਉਭਰ ਰਹੀ ਚੌਥੀ ਪੀੜ੍ਹੀ ਨੇ ਨਾਟਕ ਤੇ ਰੰਗਮੰਚ ਦੇ ਵਿਕਾਸ-ਕ੍ਰਮ ਵਿੱਚ ਆਪਣਾ ਸੰਪੂਰਨ ਯੋਗਦਾਨ ਪਾਇਆ। ਸਮਕਾਲੀ ਸਮੇਂ ਦੌਰਾਨ ਪੰਜਾਬੀ ਨਾਟ-ਰਚਨਾ ਦੇ ਖੇਤਰ ਵਿੱਚ ਸਵਰਾਜਬੀਰ, ਦੇਵਿੰਦਰ ਸਿੰਘ, ਮਨਜੀਤ ਪਾਲ, ਦੇਵਿੰਦਰ ਕੁਮਾਰ, ਪਾਲੀ ਭੁਪਿੰਦਰ, ਸਤੀਸ਼ ਕੁਮਾਰ ਵਰਮਾ, ਵਰਿਆਮ ਮਸਤ, ਨਸੀਬ ਬਵੇਜਾ, ਪ੍ਰੀਤ ਮਹਿੰਦਰ ਸੇਖੋਂ, ਜਗਦੀਸ਼ ਸਚਦੇਵਾ, ਕੁਲਦੀਪ ਸਿੰਘ ਦੀਪ, ਕੇਵਲ ਧਾਲੀਵਾਲ, ਸਤਿੰਦਰ ਸਿੰਘ ਨੰਦਾ, ਰਾਜਵੰਤ ਕੌਰ ਮਾਨ, ਬਲਰਾਜ ਮਾਨ, ਰਾਣਾ ਰਣਬੀਰ, ਸੋਮਪਾਲ ਹੀਰਾ, ਬਲਦੇਵ ਸਿੰਘ, ਕਿਰਪਾਲ ਕਜ਼ਾਕ ਅਤੇ ਜਤਿੰਦਰ ਬਰਾੜ ਆਦਿ ਲਗਭਗ ਦਰਜ਼ਨ ਤੋਂ ਵੱਧ ਨਾਟਕਕਾਰ ਸ਼ਾਮਿਲ ਹਨ। ਪੰਜਾਬੀ ਨਾਟਕ ਤੇ ਰੰਗਮੰਚ ਵਿੱਚ ਉੱਭਰ ਰਹੇ ਇਹਨਾਂ ਸਮਕਾਲੀ ਨਾਟਕਕਾਰਾਂ ਦੇ ਯਤਨ ਪੰਜਾਬੀ ਨਾਟਕ ਦੇ ਉਜਲੇ ਭਵਿੱਖ ਦਾ ਦਮ ਭਰਦੇ ਹਨ।

ਆਧੁਨਿਕ ਜੀਵਨ ਜਾਚ ਬਹੁਤ ਜਟਿਲ ਹੋ ਗਈ ਹੈ ਜਿਸਦੇ ਫਲਸਰੂਪ ਅਜੋਕੀਆਂ ਜਟਿਲ ਪ੍ਰਸਥਿਤੀਆਂ ਦੇ ਸਨਮੁੱਖ ਨਵੇਂ ਸਰੋਕਾਰ ਉੱਭਰ ਰਹੇ ਹਨ। ਪੰਜਾਬੀ ਨਾਟਕ ਨੇ ਸਮਾਜਿਕ ਵਿਹਾਰ ਤੋਂ ਆਰੰਭ ਕਰਕੇ ਮਨੋਵਿਗਿਆਨਕ ਚੇਤਨਾ ਰਾਹੀਂ ਰਾਜਸੀ ਚੇਤਨਾ ਤੱਕ ਆਪਣਾ ਨਾਟ-ਪਰਿਪੇਖ ਸਿਰਜਿਆ ਹੈ ਜਿਸ ਅਧੀਨ ਯਥਾਰਥ ਦੇ ਸਰਬਕਾਲੀ ਸਰੋਕਾਰਾਂ ਦੀ ਨਾਟਕੀ ਪਛਾਣ ਸਥਾਪਿਤ ਕਰਨ ਦਾ ਯਤਨ ਕੀਤਾ ਹੈ।

ਸਮਕਾਲੀ ਪੰਜਾਬੀ ਨਾਟਕ ਦੇ ਇਸ ਦੌਰ ਵਿੱਚ ਅੰਤਰਰਾਸ਼ਟਰੀ ਤੇ ਰਾਸ਼ਟਰੀ ਪੱਧਰ ਤੇ ਹੋਈਆਂ ਵਿਭਿੰਨ ਤਬਦੀਲੀਆਂ ਨਾਟਕ ਦੇ ਵਸਤੂ ਨੂੰ ਪ੍ਰਭਾਵਿਤ ਕਰਦੀਆਂ ਹਨ। ਪੰਜਾਬੀ ਨਾਟਕ ਦੇ ਸਮਕਾਲੀ ਦੌਰ ਵਿੱਚ ਮਨੁੱਖੀ ਰਿਸ਼ਤਿਆਂ ਦੀ ਜਟਿਲਤਾ, ਜਾਤ-ਪਾਤ ਦਾ ਭੇਦਭਾਵ, ਸੰਪਰਦਾਇਕਤਾ, ਇਸਤਰੀ ਦਮਨ, ਦੇਸ਼ ਵੰਡ ਅਤੇ ਜੰਗ ਵਿਰੋਧੀ ਵਿਸ਼ੇ, ਪਰਦੇਸ ਜਾਣ ਦੀ ਸਮੱਸਿਆ, ਨਾਰੀ ਚੇਤਨਾ ਅਤੇ ਦਲਿਤ ਚੇਤਨਾ ਆਦਿ ਸਮੱਸਿਆਵਾਂ ਨੂੰ ਸਮਕਾਲੀ ਨਾਟਕਕਾਰਾਂ ਨੇ ਬੜੀ ਸ਼ਿੱਦਤ ਨਾਲ ਪਾਠਕ/ਦਰਸ਼ਕ ਅੱਗੇ ਪੇਸ਼ ਕੀਤਾ ਹੈ ਤੇ ਕਰ ਰਹੇ ਹਨ। ਅੱਜ ਦੇ ਸਾਰੇ ਯੁਵਾ ਨਾਟਕਕਾਰਾਂ ਨੇ ਵੀ ਪੁਰਾਣੀ ਪੀੜ੍ਹੀ ਦੇ ਨਾਟਕਕਾਰਾਂ ਦੇ ਨਕਸ਼ੇ ਕਦਮ ਤੇ ਚਲਦਿਆਂ ਆਪਣੇ ਨਾਟਕਾਂ ਵਿੱਚ ਸਮਾਜ ਦੀ ਸਭ ਤੋਂ ਵੱਡੀ ਰਾਜਨੀਤਿਕ ਭ੍ਰਿਸ਼ਟਾਚਾਰੀ ਦੀ ਸਮੱਸਿਆ ਨੂੰ ਆਪਣੇ ਨਾਟਕਾਂ ਵਿੱਚ ਵੱਖ-ਵੱਖ ਢੰਗਾਂ ਨਾਲ ਪੇਸ਼ ਕੀਤਾ ਹੈ। ਇਸ ਸਮੇਂ ਵਿੱਚ ਸਮਾਜਿਕ, ਆਰਥਿਕ, ਧਾਰਮਿਕ, ਮਨੋਵਿਗਿਆਨਕ ਆਦਿ ਵਿਸ਼ਿਆਂ ਦੇ ਨਾਲ-ਨਾਲ, ਪੰਜਾਬੀ ਨਾਟਕ ਦਾ ਮੁੱਖ ਪਛਾਣ ਚਿੰਨ੍ਹ ਇਸਦਾ ਰਾਜਸੀ ਚਰਿੱਤਰ ਬਣਿਆ ਹੋਇਆ ਹੈ। ਨਵੇਂ ਨਾਟਕਕਾਰਾਂ ਵਿਚੋਂ ਹੀ ਨਸੀਬ ਬਵੇਜਾ ਨੇ ਆਪਣੇ ਨਾਟਕ 'ਆਜ਼ਾਦ ਪਾਤਰ' ਵਿੱਚ ਭਾਰਤੀ ਲੋਕਤਾਂਤਰਿਕ ਸਿਸਟਮ ਵਿੱਚ ਵਿਚਰ ਰਹੇ ਆਮ ਆਦਮੀ ਦੀ ਸਥਿਤੀ ਨੂੰ ਬੜੀ ਬਾਖੂਬੀ ਨਾਲ ਪ੍ਰਸਤੁਤ ਕੀਤਾ ਹੈ। ਇਸ ਨਾਟਕ ਰਾਹੀਂ ਸਧਾਰਣ ਮਨੁੱਖ ਦੀ ਦੁਖਦੀ ਰਗ ਤੇ ਹੱਥ ਰੱਖਿਆ ਹੈ। ਜਿਸ ਬਾਰੇ ਹੋਰ ਸਪਸ਼ਟਤਾ ਨਾਲ ਅੰਦਾਜ਼ਾ ਇਸ ਨਾਟਕ ਦੇ ਪਾਤਰਾਂ ਦੀ ਵਾਰਤਲਾਪ ਤੋਂ ਲਾਇਆ ਜਾ ਸਕਦਾ ਹੈ :-

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

''ਮਿਸਜ਼ ਵਾਲੀਆ : ਪਰ ਮੁੱਢਲੀ ਸਿੱਖਿਆ ਤਾਂ ਜ਼ਰੂਰੀ ਏ।

ਮਿਸਜ਼ ਅਰੋੜ : ਮੈਂ ਸੋਚਦੀ ਆਂ। ਇਹ ਲਾਜ਼ਮੀ ਸਿੱਖਿਆ ਹੀ ਸਾਰੀਆਂ ਮੁਸੀਬਤਾਂ ਦੀ ਜੜ੍ਹ ਏ। ਅਸੀਂ ਹਰ ਗਰੀਬ ਗੁਰਬੇ ਨੂੰ ਪੜ੍ਹਨ ਦਾ ਝਸ ਪਾ ਦਿੰਦੇ ਹਾਂ। ਸਰਕਾਰੀ ਸਕੂਲਾਂ ਦੀਆਂ ਫੀਸਾਂ ਘੱਟ ਨੇ, ਉਹ ਰਿੜ-ਖੁੜ ਕੇ ਅੱਗੇ ਵੀ ਪੜ੍ਹ ਜਾਂਦੇ ਨੇ। ਫਿਰ ਨੌਕਰੀਆਂ ਮੰਗਦੇ ਨੇ...।''13

ਦਰਸ਼ਨ ਮਿਤਵਾ ਦੇ ਨਾਟਕ 'ਏਧਰ ਓਧਰ ਕਿੱਥੋਂ ਤਕ' ਵਿੱਚ ਵੀ ਕੁਰਸੀ ਯੁੱਧ ਲਈ ਕੀਤੇ ਜਾਂਦੇ ਭ੍ਰਿਸ਼ਟ ਕਾਰਨਾਮਿਆਂ ਨੂੰ ਖੁਲ੍ਹਕੇ ਪੇਸ਼ ਕੀਤਾ ਗਿਆ ਹੈ। ਨਾਟਕਕਾਰਾਂ ਨੇ ਭ੍ਰਿਸ਼ਟਾਚਾਰ ਨੂੰ ਮਨੁੱਖ ਦੀ ਅਧੋਗਤੀ ਦਾ ਵੱਡਾ ਕਾਰਨ ਮੰਨਦਿਆਂ ਇਸ ਦਾ ਚਿਤਰਣ ਨਾਟਕਾਂ ਵਿਚ ਵਿਭਿੰਨ ਕਿਰਦਾਰਾਂ ਦੇ ਜ਼ਰੀਏ ਕੀਤਾ ਹੈ। ਵਰਿਆਮ ਮਸਤ ਨੇ ਆਪਣੇ ਨਾਟਕ 'ਨਾਟਕ ਬਾਕੀ ਹੈ' ਵਿਚ ਛੋਟੇ-ਵੱਡੇ ਅਫ਼ਸਰਾਂ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਅਤੇ ਸ਼ੋਸ਼ਣ ਨੂੰ ਪੇਸ਼ ਕੀਤਾ ਹੈ। ਦਵਿੰਦਰ ਸਿੰਘ ਦੇ ਨਾਟਕ 'ਗਰਕ ਹੋ ਰਿਹਾ ਮਨੁੱਖ' ਅਤੇ 'ਲਾਲ ਪੀਲੇ ਲੋਕ' ਵਿੱਚ ਅਜੋਕੇ ਜੀਵਨ ਦੇ ਅਨੇਕਾਂ ਪੱਧਰਾਂ ਉੱਪਰ ਫੈਲੇ ਹੋਏ ਝੂਠ, ਰਾਜਨੀਤਿਕ ਪਾਖੰਡ ਨੂੰ ਅਤੇ ਖੋਖਲੇ ਵਾਅਦਿਆਂ ਨੂੰ ਉਜਾਗਰ ਕੀਤਾ ਹੈ। ਦੇਵਿੰਦਰ ਸਿੰਘ ਦੇ ਇਹਨਾਂ ਦੋਵੇਂ ਨਾਟਕਾਂ ਦਾ ਸੰਬੰਧ ਸਿੱਧਾ ਰਾਜਨੀਤਿਕ ਢਾਂਚੇ ਨਾਲ ਹੈ। ਇਸੇ ਤਰ੍ਹਾਂ ਹੀ ਨਵੇਂ ਨਾਟਕਕਾਰ ਸੋਮਪਾਲ ਹੀਰਾ ਨੇ ਆਪਣੇ ਨਾਟਕ 'ਤ੍ਰਿਸਕਾਰੀਆਂ ਧੀਆਂ' ਵਿੱਚ ਰਾਜਨੀਤਿਕ 'ਨੇਤਾਵਾਂ ਦੇ ਦੋਹਰੇ ਕਿਰਦਾਰ ਨੂੰ ਪੇਸ਼ ਕੀਤਾ ਹੈ :-

ਦੇਵਕੀ : (ਹੱਸਦੇ ਹੂੰ ! ਜਿਹੜੇ ਨੇਤਾ ਸਾਡੇ ਕਲਿਆਣ ਲਈ ਬੜੀਆਂ ਬੜੀਆਂ ਫੜਾ ਮਾਰਦੇ ਹੈਂ। ਸਾਨੂੰ ਸਮਾਜ ਦਾ ਕਲੰਕ ਦੱਸਤੇ ਹੈਂ-ਉਹੀ ਨੇਤਾ ਰਾਤ ਕੇ ਹਨ੍ਹੇਰੇ ਮੇਂ ਆਪਣੀਆਂ ਟੋਪੀਆਂ ਸਾਡੇ ਦਰਵਾਜ਼ੇ ਦੀਆਂ ਕਿੱਲੀਆਂ ਤੇ ਟੰਗ ਦਿੰਦੇ ਨੇ...14

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭ੍ਰਿਸ਼ਟਾਚਾਰ ਨੇ ਲੋਕਾਂ ਵਿੱਚ ਅਵਿਸ਼ਵਾਸ, ਦੇਸ਼ ਦੀ ਅਖੰਡਤਾ ਅਤੇ ਭਰਾਤਰੀ ਭਾਵ ਨੂੰ ਖੰਡਿਤ ਕੀਤਾ ਹੈ ਅਤੇ ਸਮਕਾਲੀ ਪੰਜਾਬੀ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿੱਚ ਜ਼ਿਆਦਾਤਰ ਰਾਜਨੀਤਿਕ ਭ੍ਰਿਸ਼ਟਾਚਾਰ ਦਾ ਭਰਭੂਰ ਰੂਪ ਵਿੱਚ ਵਰਣਨ ਕੀਤਾ ਹੈ।

ਪੰਜਾਬੀ ਨਾਟਕ ਦੀ ਇਸ ਦੌਰ ਦੀ ਲੜੀ ਵਿੱਚ ਨਾਟਕ ਨੇ ਚਿੰਤਨ ਦੇ ਵੱਖ-ਵੱਖ ਪੜਾਅ ਤੈਅ ਕਰਦਿਆਂ 'ਨਾਰੀ ਚੇਤਨਾ' ਅਤੇ 'ਦਲਤਿ ਚੇਤਨਾ' ਦੇ ਪ੍ਰਸੰਗਾਂ ਨੂੰ ਵੀ ਛੋਹਿਆ ਹੈ। ਜਿੱਥੋਂ ਤਕ ਨਾਰੀ ਚੇਤਨਾ ਦਾ ਸੰਬੰਧ ਹੈ। ਮੁੱਢ ਤੋਂ ਹੀ ਪੰਜਾਬੀ ਨਾਟਕਕਾਰਾਂ ਨੇ ਨਾਰੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕੀਤਾ ਹੈ। ਪੰਜਾਬੀ ਨਾਟਕ ਮੂਲ ਰੂਪ ਵਿੱਚ ਨਾਰੀ ਸੰਵੇਦਨਾ ਤੋਂ ਨਾਰੀ ਚੇਤਨਾ ਤੱਕ ਦੀ ਯਾਤਰਾ ਕਰਦਾ ਹੈ। ਡਾ. ਸਤੀਸ਼ ਕੁਮਾਰ ਵਰਮਾ ਦਾ ਨਾਰੀ ਚੇਤਨਾ ਸੰਬੰਧੀ ਵਿਚਾਰ ਹੈ :-

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

''ਅਸਲ ਵਿੱਚ ਨਾਰੀ ਸੰਵੇਦਨਾਵਾਂ ਦੀ ਗੁਲਾਮ ਹੈ। ਪੰਜਾਬੀ ਸਮਾਜ ਵਿੱਚ ਨਾਰੀ ਧੀ ਪਤਨੀ ਤੇ ਮਾਂ ਦੇ ਰੂਪ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਸੰਵੇਦਨਾਵਾਂ ਦੇ ਹੱਥੋਂ ਜ਼ਬਰ-ਜਿਨਾਹ ਵੀ ਹੁੰਦੀ ਹੈ, ਪਰੰਤੂ ਉਸਦੀ ਚੇਤਨਾ ਉਸਨੂੰ ਸੰਵੇਦਨਾਵਾਂ ਦੀ ਗੁਲਾਮੀ ਤੱਕ ਦੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਵੱਲ ਤੋਰਦੀ ਹੈ।''15

ਅਜੋਕੇ ਨਾਟਕਕਾਰਾਂ ਨੇ ਆਪਣੇ ਜ਼ਿਆਦਾਤਰ ਨਾਟਕਾਂ ਵਿੱਚ ਔਰਤਾਂ ਦੀ ਹੋ ਰਹੀ ਮਾੜੀ ਦੁਰਦਸ਼ਾ ਦਾ ਬਿਆਨ ਕੀਤਾ ਹੈ। ਇਸ ਤਰ੍ਹਾਂ ਦੇ ਨਾਟਕਾਂ ਦੀ ਲੜੀ ਵਿੱਚ ਸੋਮਪਾਲ ਹੀਰਾ ਦੇ ਲਘੂ ਨਾਟ-ਸੰਗ੍ਰਹਿ 'ਪੰਨਿਆਂ ਦੀ ਪਰਵਾਜ਼' ਵਿੱਚ, ਨਾਟਕ 'ਲੱਜਾਂ' ਅਤੇ 'ਤ੍ਰਿਸਕਾਰੀਆਂ ਧੀਆਂ' ਵਿੱਚ ਨਾਟਕਕਾਰ ਸਮਾਜ ਦੀ ਉਸ ਨੀਚ ਸੋਚ ਦੇ ਦਰਸ਼ਨ ਕਰਵਾਉਂਦੇ ਹਨ ਜੋ ਸਾਡੇ ਸਭਿਅਕ ਹੋਣ ਤੇ ਪ੍ਰਸ਼ਨ ਚਿੰਨ੍ਹ ਲਾਉਂਦੇ ਹਨ। 'ਤ੍ਰਿਸਕਾਰੀਆਂ ਧੀਆਂ' ਲਘੂ ਨਾਟਕ ਵਿੱਚ ਔਰਤ ਜਾਤੀ ਦਾ ਸ਼ੋਸ਼ਣ ਇਸ ਨਾਟਕ ਦੀ ਮੂਲ ਚਿੰਤਾ ਹੈ। ਨਾਟਕਕਾਰ ਰਾਜਵੰਤ ਕੌਰ ਮਾਨ ਦੇ ਨਾਟਕ 'ਅਮਨ ਦੀ ਆਵਾਜ਼' ਵਿੱਚ ਜੰਗ ਦੀ ਕਰੂਰਤਾ ਨੂੰ ਬਿਆਨ ਕੀਤਾ ਗਿਆ ਹੈ। ਜੰਗ ਵਿੱਚ ਆਪਣੀ ਜਾਨ ਦਾਅ ਤੇ ਲਗਾ ਕੇ ਦੇਸ਼ ਦੀ ਰੱਖਿਆ ਕਰਨ ਵਾਲੇ ਸੈਨਿਕਾਂ ਦੀਆਂ ਪਤਨੀਆਂ ਅਨੇਕਾਂ ਦੁਖੜੇ ਤਾਂ ਝੱਲਦੀਆਂ ਹੀ ਹਨ ਅਤੇ ਸਮਾਜ ਵੱਲੋਂ ਵੀ ਦੁਰਕਾਰੀਆਂ ਜਾਂਦੀਆਂ ਹਨ। ਇਸ ਨਾਟਕ ਦੀ ਪਾਤਰ ਬਲਦੀਪ ਅਜਿਹੀ ਹੀ ਪਾਤਰ ਹੈ ਜਿਸਨੂੰ ਆਪਣੇ ਪਤੀ ਨੂੰ ਖਾ ਜਾਣ ਵਾਲੀ ਔਰਤ ਕਹਿਕੇ ਦੁਰਕਾਰਿਆ ਜਾਂਦਾ ਹੈ:

ਬਲਦੀਪ : ਮਾਂ ਜੀ, ਰੱਬ ਦਾ ਵਾਸਤਾ ਈ, ਮੇਰੇ ਅਤੇ ਰਾਣੇ ਤੇ ਤਰਸ ਕਰੋ। ਤਪਦੀ ਨੂੰ ਹੋਰ ਨਾ ਤਪਾਓ, ਮੇਰੇ ਅਤੇ ਰਾਣੇ ਤੇ ਤਰਸ ਕਰੋ।

ਪ੍ਰਤਾਪੀ : ਨੀ ਤਰਸ? ਤੇਰੇ ਵਰਗੀ ਕੁੱਲਹਿਣੀ ਔਰਤ ਤੇ। ਜਾਹ ਜਿਧਰੋਂ ਆਈ ਐਂ ਚਲੀ ਜਾਹ, ਆਪਣੇ ਪੇਕਿਆ ਤੇ ਜਾ ਕੇ ਬੋਝ ਬਣ। ਇਹ ਬੋਝਲ ਪੰਡ ਹੁਣ ਉਹ ਚੁਕਣਗੇ ਜਿਨ੍ਹਾਂ ਨੇ ਤੇਰੇ ਵਰਗੀ ਮਨਹੂਸ ਨੂੰ ਜਣਿਐ, ਜਾਹ ਚਲੀ ਜਾ ਅੱਜ ਈ, ਕਿਤੇ ਤੇਰਾ ਕਲਹਿਣੀ ਦਾ ਪਰਛਾਵਾਂ ਮੇਰੇ ਦੂਜੇ ਪੁੱਤ ਤੇ ਨਾ ਪੈ ਜਾਏ।16

ਆਧੁਨਿਕ ਸਮੇਂ ਵਿੱਚ ਇੱਕ ਹੋਰ ਨਾਟਕਕਾਰ ਜਤਿੰਦਰ ਬਰਾੜ ਜਿਸ ਨੇ ਆਪਣੇ ਨਾਟਕ 'ਕੁਦੇਸਣ', 'ਲੋਹੇ ਦੀ ਭੱਠੀ' ਆਦਿ ਵਿੱਚ ਔਰਤ ਦੇ ਆਰਥਿਕ ਤੇ ਸ਼ਰੀਰਕ ਸ਼ੋਸ਼ਣ ਨੂੰ ਪ੍ਰਗਟ ਕੀਤਾ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤੇ ਇਕਵੀਂ ਸਦੀ ਦੇ ਮੁੱਢ ਵਿੱਚ ਆਇਆਂ ਕੁਝ ਨਾਟ ਰਚਨਾਵਾਂ ਨਾਰੀ ਚੇਤਨਾ ਦੇ ਪ੍ਰਸੰਗਾਂ ਨੂੰ ਇੱਕ ਨਵਾਂ ਪਰਿਪੇਖ ਦਿੰਦੀਆਂ ਹਨ। ਸਮਕਾਲੀ ਨਾਟਕਕਾਰਾਂ ਡਾ. ਸਤੀਸ਼ ਕੁਮਾਰ ਵਰਮਾ ਦਾ ਨਾਟਕ 'ਦਾਇਰੇ' ਆਦਿ ਨਾਟਕ ਨਾਰੀ ਚੇਤਨਾ ਦੀ ਦ੍ਰਿਸ਼ਟੀ ਤੋਂ ਲਿਖੇ ਗਏ ਹਨ। ਸਵਰਾਜਬੀਰ ਦੇ ਨਾਟਕ 'ਮੇਧਨੀ' ਤੇ 'ਸ਼ਾਇਰੀ', ਪਾਲੀ ਭੁਪਿੰਦਰ ਦਾ ਨਾਟਕ 'ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ'। ਇਹਨਾਂ ਨਾਟਕਾਂ ਵਿਚਲੀ ਨਾਰੀ ਸੰਵੇਦਨਾਵਾਂ ਦੀ ਗੁਲਾਮ ਨਹੀਂ, ਸਗੋਂ ਚੇਤਨਾ ਦੇ ਧਰਾਤਲ ਤੇ ਵਿਚਰਦੀ ਹੈ, ਉਹ ਮਰਦ ਨਾਲ ਆਪਣੇ ਸੰਬੰਧਾਂ ਨੂੰ ਭਾਵੁਕਤਾ ਤੋਂ ਨਹੀਂ ਸਗੋਂ ਤਰਕ ਦੀ ਦ੍ਰਿਸ਼ਟੀ ਤੋਂ ਦੇਖਦੀ ਹੈ। ਇਸ ਲਈ ਨਾਟਕਕਾਰਾਂ ਨੇ ਨਾਰੀ ਦੇ ਸੰਵੇਦਨਾ ਤੋਂ ਚੇਤਨਾ ਤੱਕ ਦੇ ਸਫ਼ਰ ਨੂੰ ਆਪਣੇ ਕਈ ਨਾਟਕਾਂ ਵਿੱਚ ਔਰਤ ਦੀ ਅਗੰਮੀ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਕੁਰਬਾਨੀ ਨੂੰ ਅਗ੍ਰਭੂਮ ਵਿਚ ਲਿਆਂਦਾ ਹੈ ਜਿਸ 'ਤੇ ਜਿੰਨ੍ਹਾ ਮਾਣ ਕੀਤਾ ਜਾਵੇ ਉਨ੍ਹਾ ਹੀ ਥੋੜ੍ਹਾ ਹੈ। ਇਸ ਲਈ ਆਧੁਨਿਕ ਸਮੇਂ ਵਿੱਚ ਪੰਜਾਬੀ ਨਾਟਕ ਦੀ ਮੂਲ ਸੁਰ ਨਾਰੀ ਚੇਤਨਾ ਵਾਲੀ ਹੈ।

ਆਧੁਨਿਕ ਨਾਟਕ ਦਾ ਅਧਾਰ 'ਨਾਰੀ ਚੇਤਨਾ' ਦੇ ਨਾਲ-ਨਾਲ 'ਦਲਿਤ ਚੇਤਨਾ' ਵੀ ਪ੍ਰਮੁੱਖ ਰਿਹਾ ਹੈ। ਜਿੱਥੋਂ ਤੱਕ ਪੰਜਾਬ ਦਾ ਸੰਬੰਧ ਹੈ ਇੱਥੇ ਜਾਤ-ਪਾਤ ਤੇ ਛੂਤ-ਛਾਤ ਦੀ ਸਮੱਸਿਆ ਭਾਰਤ ਦੇ ਦੁਰਾਡੇ ਸੂਬਿਆਂ ਜਿੰਨੀ ਪੀਡੀ ਭਾਵੇਂ ਨਹੀਂ, ਪਰ ਫਿਰ ਵੀ ਪੰਜਾਬ ਵਿੱਚ ਜਾਤੀ-ਪ੍ਰਥਾ ਨੇ ਆਪਣੀ ਪਕੜ ਨੂੰ ਅੱਜ ਵੀ ਮਜ਼ਬੂਤ ਕੀਤਾ ਹੋਇਆ ਹੈ। ਸਮਕਾਲੀ ਨਾਟਕਕਾਰ ਸਵਰਾਜਬੀਰ ਦੇ ਬਾਕੀ ਨਾਟਕਾਂ ਤੋਂ ਇਲਾਵਾ 'ਸ਼ਾਇਰੀ' ਨਾਟਕ ਵਿੱਚ ਵੀ ਨਾਰੀ ਚੇਤਨਾ ਦੇ ਨਾਲ-ਨਾਲ ਧਾਰਮਿਕ ਕੱਟੜਤਾ, ਸ਼ਾਸਕ ਵਰਗ ਵੱਲੋਂ ਆਮ ਜਨਤਾ ਨੂੰ ਦਬਾ ਕੇ ਰੱਖਣ ਦੀ ਕਰੂਰਤਾ ਤੇ ਜਾਤ-ਪਾਤ ਦੇ ਭੇਦਭਾਵ ਨੂੰ ਪੂਰੀ ਸਪਸ਼ਟਤਾ ਨਾਲ ਦਰਸਾਇਆ ਹੈ। ਭਾਵੇਂ ਕਿ 'ਸ਼ਾਇਰੀ' ਨਾਟਕ ਮਿਥਿਹਾਸਕ ਕਥਾ ਤੇ ਆਧਾਰਿਤ ਹੈ ਪਰ ਫਿਰ ਵੀ ਜਾਤ-ਪਾਤ ਦਾ ਭੇਦਭਾਵ ਥੋੜ੍ਹੇ ਬਹੁਤ ਫ਼ਰਕ ਨਾਲ ਉਵੇਂ ਦੀ ਉਵੇਂ ਇੱਕ ਰੋਗ ਦੀ ਤਰ੍ਹਾਂ ਫੈਲਿਆ ਹੋਇਆ ਹੈ। ਜਿਸ ਬਾਰੇ 'ਸ਼ਾਇਰੀ' ਨਾਟਕ ਦੇ ਪਾਤਰਾਂ ਵਿਚਲੀ ਵਾਰਤਾਲਾਪ ਤੋਂ ਸਮਾਜ ਦੀ ਅਸਲੀ ਤਸਵੀਰ ਨਿਖਰਕੇ ਸਾਹਮਣੇ ਆਉਂਦੀ ਹੈ :

ਸਰਦਾਰ ਮੁਹਮੰਦ : ਤੇ ਸਾਡਾ ਨਸੀਬ ਸਾਡੀ ਜਾਤ ਵਿੱਚ ਵੜਿਆ ਪਿਐ !

ਅਸ਼ਰਫ : ਮੈਂ ਤਾਂ ਕਹਿੰਦਾ ਜਾਤ ਤੋਂ ਵੀ ਠਾਂਹ ਅੱਜ... ਅੱਜ ਤੇ ਸਾਨੂੰ ਆਪਣੀ ਜਾਤ ਤੋਂ ਵੀ ਨੀਵੀਂ ਜਾਤ ਦੀ ਤੀਵੀਂ ਨੂੰ ਮੋਡਿਆਂ 'ਤੇ ਚੁੱਕਣਾ ਪੈਣਾ ਏ।17

ਇਸੇ ਤਰ੍ਹਾਂ ਹੀ ਸਮਕਾਲੀ ਨਾਟਕਕਾਰਾਂ ਵਿਚੋਂ ਸੋਮਪਾਲ ਹੀਰਾ ਦੁਆਰਾ ਰਚਿਤ ਇੱਕ ਪਾਤਰ ਨਾਟਕ 'ਦਾਸਤਾਨ-ਏ-ਲਾਲ ਸਿੰਘ ਦਿਲ' ਸੈਮੂਅਲ ਜੌਹਨ ਦੁਆਰਾ ਰਚਿਤ ਨਾਟਕ 'ਘਸਿਆ ਹੋਇਆ ਆਦਮੀ' ਜ਼ਿਕਰਯੋਗ ਹਨ। ਇਹ ਨਾਟ-ਕ੍ਰਿਤਾਂ ਪੰਜਾਬੀ ਨਾਟਕ ਵਿੱਚ ਦਲਿਤ ਚੇਤਨਾ ਦੇ ਪ੍ਰਸੰਗ ਨੂੰ ਨਵਾਂ ਆਯਾਮ ਦਿੰਦੀਆਂ ਹਨ। ਗੁਰਸ਼ਰਨ ਸਿੰਘ ਦੀਪ ਰਚਿਤ ਨਾਟਕ 'ਨਵਾਂ ਜਨਮ', 'ਮੋਚੀ ਦਾ ਪੁੱਤ' ਅਤੇ ਕੁਲਦੀਪ ਸਿੰਘ ਦੀਪ ਰਚਿਤ ਨਾਟਕ 'ਭੁੱਬਲ ਦੀ ਅੱਗ' ਵੀ ਇਸ ਸਮੱਸਿਆ ਉੱਪਰ ਆਧਾਰਿਤ ਹਨ। ਸਮਕਾਲੀ ਨਾਟਕਕਾਰ ਬਲਰਾਜ ਮਾਨ ਨੇ ਆਪਣੇ ਨਾਟਕ 'ਡੰਡੀਆਂ' ਰਾਹੀਂ ਦਲਿਤ-ਵਰਗ ਦੀ ਉਸ ਚੇਤਨਾ ਨੂੰ ਪੇਸ਼ ਕੀਤਾ ਹੈ ਜਿਸ ਵਿੱਚ ਆਰਥਿਕ ਸੰਘਰਸ਼ ਕਰਨ ਲਈ ਚੇਤਨਾ ਜਗਾਉਣ ਦਾ ਕਾਰਜ ਮਹੱਤਵ ਗ੍ਰਹਿਣ ਕਰਦਾ ਹੈ। ਨਾਟਕਕਾਰ ਜਤਿੰਦਰ ਬਰਾੜ ਦੇ ਸਾਰੇ ਹੀ ਨਾਟਕ ਅਤੇ ਖ਼ਾਸ ਕਰਕੇ, 'ਲੋਹੇ ਦੀ ਭੱਠੀ' ਵਿਚ 'ਅਮੀਰੀ ਗਰੀਬੀ, ਊਚ-ਨੀਚ, ਜਾਤ-ਪਾਤ ਦੇ ਭੇਦਭਾਵ ਦੇ ਵੱਧ ਰਹੇ ਪਾੜੇ ਨੂੰ ਬਹੁਤ ਬਾਖ਼ੂਬੀ ਨਾਲ ਦਰਸਾਇਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਸ ਦੌਰ ਵਿੱਚ ਪੰਜਾਬੀ ਨਾਟਕ ਵਿੱਚ ਦਲਿਤ ਅਨੁਭਵ ਦੀ ਪੇਸ਼ਕਾਰੀ ਸਿਰਫ਼ ਤ੍ਰਾਸਦਿਕ ਪੇਸ਼ਕਾਰੀ ਤੋਂ ਅੱਗੇ ਵੱਧਕੇ ਦਲਿਤ ਚੇਤਨਾ ਦੇ ਪੜਾਅ ਨੂੰ ਛੋਹਦੀ ਹੈ। ਇਸ ਲਈ ਦਲਿਤ ਚੇਤਨਾ ਦੇ ਪ੍ਰਸੰਗ ਵਿੱਚ ਇਸ ਦੌਰ ਦਾ ਨਾਟਕ ਵਿਸ਼ੇਸ਼ ਰੂਪ ਵਿੱਚ ਅਰਥਵਾਨ ਹੈ।

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਅਜੋਕੇ ਪੰਜਾਬੀ ਨਾਟਕ ਦੇ ਸਮਕਾਲੀ ਦੌਰ ਵਿੱਚ ਰਾਜਨੀਤਿਕ ਭ੍ਰਿਸ਼ਟਾਚਾਰ, ਨਾਰੀ ਚੇਤਨਾ, ਦਲਿਤ ਚੇਤਨਾ ਪ੍ਰਮੁੱਖ ਸਮੱਸਿਆਵਾਂ ਦੇ ਨਾਲ-ਨਾਲ ਨਾਟਕਕਾਰਾਂ ਨੇ ਸਧਾਰਨ ਆਦਮੀ ਦੇ ਜੀਵਨ ਵਿਚਲੀਆਂ ਹੋਰ ਬਹੁਤ ਸਾਰੀਆਂ ਸਮੱਸਿਆਵਾਂ, ਲੋੜਾ, ਥੁੜ੍ਹਾਂ ਨੂੰ ਉਜਾਗਰ ਕੀਤਾ ਹੈ। ਜਿਵੇਂ ਕਿ ਆਧੁੁਨਿਕ ਦੌਰ ਵਿੱਚ ਸਮਕਾਲੀ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿੱਚ ਮੁਨੁੱਖੀ ਰਿਸ਼ਤਿਆਂ ਵਿੱਚ ਲਗਾਤਾਰ ਆ ਰਹੀ ਗਿਰਾਵਟ ਨੂੰ ਉਜਾਗਰ ਕੀਤਾ ਹੈ। ਨਾਟਕਕਾਰ ਰਾਣਾ ਜੰਗ ਬਹਾਦਰ ਦਾ ਨਾਟਕ 'ਬੋਦੀ ਵਾਲਾ ਤਾਰਾ' ਬਦਲ ਰਹੇ ਮਨੁੱਖੀ ਰਿਸ਼ਤਿਆਂ ਦੀ ਪੂਰੀ ਤਰ੍ਹਾਂ ਤਰਜਮਾਨੀ ਕਰਦਾ ਹੈ। ਵਰਿਆਮ ਮਸਤ ਦਾ ਨਾਟਕ 'ਕੁੰਡਲੀ' ਵੀ ਇਸ ਸਮੱਸਿਆ ਨੂੰ ਬਾਖੂਬੀ ਪੇਸ਼ ਕਰਦਾ ਹੈ। ਇਸੇ ਵਿਸ਼ੇ ਨਾਲ ਸੰਬੰਧਿਤ ਹੀ ਚੌਥੀ ਪੀੜ੍ਹੀ ਦੇ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ 'ਫ਼ਾਸਲੇ' ਵਿੱਚ ਮਨੁੱਖੀ ਰਿਸ਼ਤਿਆਂ ਵਿੱਚ ਜਾਤ-ਪਾਤ ਦੇ ਫਾਸਲੇ, ਊਚ-ਨੀਚ ਦੇ ਫਾਸਲੇ, ਮਜ਼ਬ੍ਹਾਂ ਦੇ ਫਾਸਲੇ, ਆਮੀਰੀ ਗਰੀਬੀ ਦੇ ਫ਼ਾਸਲੇ ਦਿਨ-ਬ-ਦਿਨ ਹੋਰ ਵੱਧ ਰਹੇ ਹਨ, ਜਿਸ ਨਾਲ ਮਨੁੱਖ, ਮਨੁੱਖ ਦਾ ਭਰਾਤਰੀ ਭਾਵ ਵਾਲਾ ਰਿਸ਼ਤਾ ਅਤੇ ਪਰਿਵਾਰਾਂ ਨੂੰ ਏਕੇ ਦੀ ਡੋਰ ਵਿੱਚ ਬੰਨਣ ਵਾਲੇ ਰਿਸ਼ਤਿਆਂ ਦੀ ਡੋਰ ਤਿੜਕਣ ਨਾਲ ਹੀ ਮਨੁੱਖੀ ਜੀਵਨ ਖਿੰਡਿਆ-ਪੁੰਡਿਆ ਨਜ਼ਰ ਆਉਣ ਲੱਗਾ ਹੈ। ਇਸੇ ਤਰ੍ਹਾਂ ਹੀ ਬਲਰਾਜ ਮਾਨ 'ਡੰਡੀਆਂ' ਸੰਗ੍ਰਹਿ ਰਾਹੀਂ ਅਤੇ ਪ੍ਰੀਤ ਮਹਿੰਦਰ ਸੇਖੋਂ ਨੇ ਨਾਟ-ਸੰਗ੍ਰਹਿ 'ਬੋਲ ਸਰੀਕਾਂ ਦੇ' ਅਤੇ ਪੂਰਾ ਨਾਟਕ 'ਢੋਲ ਸਿਪਾਹੀ' ਰਾਹੀਂ ਪੰਜਾਬੀ ਜਨ-ਜੀਵਨ ਦੀਆਂ ਸਮਾਜਿਕ ਤੇ ਆਰਥਿਕ ਸਥਿਤੀਆਂ ਨੂੰ ਮਨੋਵਿਗਿਆਨਕ ਰੰਗ ਵਿੱਚ ਰੰਗ ਕੇ ਪੇਸ਼ ਕੀਤਾ ਹੈ।

1947 ਦੀ ਵੰਡ ਨੂੰ ਭਾਵੇਂ ਅੱਧੀ ਸਦੀ ਹੋ ਚੁੱਕੀ ਹੈ, ਪਰ ਵੰਡ ਤੋਂ ਬਾਅਦ ਵੀ ਦੇਸ਼ ਵਿੱਚ ਸਮੇਂ-ਸਮੇਂ ਹੋਈਆਂ ਜੰਗਾਂ ਅਤੇ ਪੰਜਾਬ ਵਿੱਚ ਵਾਪਰੀਆਂ ਹੋਰ ਅਹਿਮ ਘਟਨਾਵਾਂ ਕਰਕੇ ਪੰਜਾਬੀ ਕਰਵਟ ਲੈਂਦਾ ਹੈ। ਜਿਸ ਸੰਬੰਧੀ ਚੌਥੀ ਪੀੜ੍ਹੀ ਦੀ ਨਾਟਕਕਾਰ ਰਾਜਵੰਤ ਕੌਰ ਮਾਨ ਦੇ ਨਾਟਕ 'ਅਮਨ ਦੀ ਆਵਾਜ਼' ਦਾ ਜ਼ਿਕਰ ਜ਼ਰੂਰੀ ਹੈ। ਨਾਟਕਕਾਰ ਰਾਜਵੰਤ ਕੌਰ ਮਾਨ ਦਾ ਇਹ ਨਾਟਕ 1962 ਦੀ ਹਿੰਦ ਚੀਨ ਜੰਗ ਤੇ 1965 ਅਤੇ 1971 ਦੀਆਂ ਹਿੰਦ-ਪਾਕਿ ਜੰਗਾਂ ਉ€ੱੁਤੇ ਆਧਾਰਿਤ ਹੈ। ਇਸ ਨਾਟਕ ਵਿੱਚ ਵਾਰ-ਵਾਰ ਹੁੰਦੀਆਂ ਜੰਗਾਂ ਵਿੱਚ ਸ਼ਹੀਦ ਹੋਣ ਵਾਲੇ ਬਹਾਦਰਾਂ ਦੇ ਪਰਿਵਾਰਾਂ ਦੀ ਦਾਸਤਾਨ ਨੂੰ ਪੇਸ਼ ਕੀਤਾ ਗਿਆ ਹੈ ਅਤੇ ਸਮਾਜ ਵਿੱਚ ਰਹਿ ਰਹੇ ਆਮ ਆਦਮੀ ਦੀ ਮੰਗ 'ਅਮਨ ਦੀ ਸਥਾਪਿਤੀ' ਨੂੰ ਉਜਾਗਰ ਕੀਤਾ ਹੈ :

ਦੀਪ : (ਹੋਂਕਾ ਲੈ ਕੇ) ਚੰਗਾ ਹੈ ਜੇ ਦੁਨੀਆਂ ਵਿੱਚ ਅਮਨ ਸਥਾਪਤ ਹੋ ਜਾਏ ਤਾਂ ਆਦਮਖਾਣੀਆਂ ਜੰਗਾਂ ਬੰਦ ਹੋ ਜਾਣ-ਕੋਈ ਸੱਜ ਵਿਆਹੀ ਰੰਡੀ ਨਾ ਹੋਵੇ- ਬੱਚੇ ਯਤੀਮ ਨਾ ਹੋਣ। ਮਾਂ-ਬਾਪ ਦੇ ਜਿਉਂਦਿਆਂ ਜੁਆਨ ਪੁੱਤ ਜੰਗ ਦੀ ਭੱਠੀ ਵਿੱਚ ਨਾ ਝੁਲਸੇ ਜਾਣ।

ਇਕਬਾਲ : ਸੰਸਾਰ ਅਮਨ, ਹਰ ਬੱਚੇ, ਬੁੱਢੇ, ਜੁਆਨ ਦੀ ਲੋੜ ਹੈ। ਜ਼ਰੂਰ ਸਥਾਪਤ ਹੋਵੇਗਾ। ਇੱਕ ਦਿਨ।18

ਇਸੇ ਤਰ੍ਹਾਂ ਸਮਕਾਲੀ ਨਾਟਕਕਾਰ ਸੋਮਪਾਲ ਹੀਰਾ ਦੇ ਲਘੂ ਨਾਟਕ 'ਲੱਜਾ' ਦੀ ਸੁਰ ਵੀ ਵਿਸ਼ੇਸ਼ ਕਰਕੇ ਜੰਗ ਵਿਰੋਧੀ ਹੈ, ਚਾਹੇ ਫਿਰ ਜੰਗ ਦੋ ਦੇਸ਼ਾਂ ਦੀ ਹੋਵੇ ਜਾਂ ਇਕੋ ਦੇਸ਼ ਵਿੱਚ ਹੀ ਦੋ ਧਰਮਾਂ ਦੀ ਆੜ ਵਿੱਚ ਆਮ ਜਨਤਾ ਨੂੰ ਭੜਕਾਉਣ ਵਾਲੇ ਦੰਗੇ ਹੋਣ। ਆਖਿਰ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਇਹਨਾਂ ਜੰਗਾਂ ਵਿੱਚ ਪਿਸਦੀ ਤਾਂ ਸਧਾਰਨ ਲੋਕਾਈ ਹੀ ਹੈ। ਇਸ ਲਈ ਸੋਮਪਾਲ ਹੀਰਾ ਦਾ ਨਾਟਕ 'ਲੱਜਾ' ਵੀ ਅਮਨ ਸਥਾਪਤੀ ਦੀ ਮੰਗ ਨੂੰ ਦ੍ਰਿੜਾਉਂਦਾ ਨਾਟਕ ਹੈ।

ਆਧੁਨਿਕ ਸਮੇ ਵਿੱਚ ਇੱਕ ਹੋਰ ਸਮੱਸਿਆ ਜੋ ਵਿਸ਼ੇਸ਼ ਕਰਕੇ ਉੱਘੜਕੇ ਸਾਹਮਣੇ ਆ ਰਹੀ ਹੈ। ਉਹ ਨੌਜਵਾਨ ਪੀੜ੍ਹੀ ਦੇ ਵਿਦੇਸ਼ਾਂ ਵਿੱਚ ਜਾ ਕੇ ਪੈਸਾ ਕਮਾਉਣ ਦੀ ਇੱਕ ਅਹਿਮ ਸਮੱਸਿਆ ਹੈ। ਇੰਗਲੈਂਡ, ਕਨੇਡਾ ਆਦਿ ਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਪਰਵਾਸੀ ਨਾਟਕਕਾਰ ਰਵਿੰਦਰ ਰਵੀ, ਸਾਧੂ ਸੁਖਵੰਤ ਹੁੰਦਲ, ਹਰਭਜਨ ਸਿੰਘ ਬਿਰਕ, ਦਰਸ਼ਨ ਸਿੰਘ ਗਿਆਨੀ, ਤਰਸੇਮ ਨੀਲਗਿਰੀ ਆਦਿ ਨਾਟਕਕਾਰਾਂ ਵੱਲੋਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੇ ਆਰਥਿਕ, ਰਾਜਨੀਤਿਕ ਤੇ ਸਮਾਜਿਕ ਮਸਲਿਆਂ ਦੀ ਨਿਸ਼ਾਨਦੇਹੀ ਕਰਦੇ ਹਨ। ਰਾਜਵੰਤ ਕੌਰ ਮਾਨ ਦਾ ਨਾਟਕ 'ਸਵਾਲੀਆ ਨਿਸ਼ਾਨ' ਵਿੱਚ ਵੀ ਨੌਜਵਾਨ ਪੀੜ੍ਹੀ ਦੇ ਪਰਦੇਸ ਜਾਣ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਦਵਿੰਦਰ ਕੁਮਾਰ ਦਾ ਨਾਟਕ 'ਪਿੰਜਰੇ ਦੇ ਆਰ ਪਾਰ' ਮਜ਼ਬੂਰੀ ਵਸ ਪਰਦੇਸ ਜਾ ਕੇ ਖੱਟਣ ਕਮਾਉਣ ਦੀ ਲੋੜ ਤੋਂ ਅੱਗੇ ਸੁਖਾਵਾਂ ਜੀਵਨ ਜਿਉਣ ਦੀ ਪੰਜਾਬੀਆਂ ਦੇ ਕਦਮਾਂ ਨੂੰ ਵਿਦੇਸ਼ਾਂ ਵੱਲ ਮੋੜਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਨਾਟਕਕਾਰਾਂ ਵੱਲੋਂ ਪਰਦੇਸ ਜਾਣ ਵਾਲੇ ਪੰਜਾਬੀਆਂ ਦੇ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਿਕ ਜੀਵਨ ਸੰਬੰਧੀ ਸਮੱਸਿਆ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਇੱਧਰਲੇ ਪੰਜਾਬ ਦੇ ਮਸਲਿਆਂ ਨੂੰ ਵੀ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਹੈ ਜਿਸ ਦੀ ਉਦਾਹਰਣ ਪਰਵਾਸੀ ਨਾਟਕਕਾਰਾਂ ਰਾਜਵੰਤ ਕੌਰ ਮਾਨ ਦਾ ਨਾਟਕ 'ਅਮਨ ਦੀ ਆਵਾਜ਼' ਹੈ ਜੋ ਭਾਰਤ-ਪਾਕਿਸਤਾਨ ਜੰਗਾਂ ਨਾਲ ਸੰਬੰਧਿਤ ਨਾਟਕ ਹੈ।

ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਮੁੱਢ ਤੋਂ ਹੀ ਪੰਜਾਬੀ ਨਾਟਕ ਤੇ ਰੰਗਮੰਚ ਦਾ ਕਿਰਦਾਰ ਸਮਕਾਲੀ ਸਰੋਕਾਰਾਂ ਨਾਲ ਸੰਬੰਧ ਰੱਖਣ ਵਾਲਾ ਅਤੇ ਅਜੋਕੇ ਜੀਵਨ ਦੀਆਂ ਜਟਿਲ ਪਰਿਸਥਿਤੀਆਂ ਦੇ ਸਨਮੁੱਖ ਨਵੇਂ ਸਰੋਕਾਰ ਉਭਾਰਨ ਵਾਲਾ ਹੀ ਰਿਹਾ ਹੈ। ਇਸ ਪ੍ਰਸੰਗ ਵਿੱਚ ਸਮਕਾਲੀ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦੀ ਨਾਟਕਕਾਰੀ ਵਿੱਚ ਕੇਵਲ ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਨਾਟਕ ਦੇ ਤਕਨੀਕੀ ਪੱਖ ਤੋਂ ਨਵੇਂ-ਨਵੇਂ ਪ੍ਰਯੋਗ ਅਤੇ ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਨਾਟਕ ਦੇ ਤਕਨੀਕੀ ਪੱਖ ਤੋਂ ਨਵੇਂ-ਨਵੇਂ ਪ੍ਰਯੋਗ ਅਤੇ ਨਾਟ-ਪ੍ਰਕਾਰ ਦੀ ਦ੍ਰਿਸ਼ਟੀ ਤੋਂ ਅਣਗੌਲੇ ਰੂਪਾਂ ਦੀ ਪੁਨਰ ਸਿਰਜਣਾ ਦੇ ਨਵੇਂ ਰੂਪ ਉਭਰਕੇ ਆਏ ਹਨ। ਪੰਜਾਬੀ ਨਾਟਕ ਨੇ ਇਸ ਸਾਰੇ ਸਮੇਂ ਦੌਰਾਨ ਨਾਟ-ਵਸਤੂ ਅਤੇ ਨਾਟ-ਸੰਚਾਰ ਦੀ ਦ੍ਰਿਸ਼ਟੀ ਤੋਂ ਨਿਰੰਤਰ ਗਤੀਸ਼ੀਲਤਾ ਵਾਲਾ ਰੂਪ ਅਪਣਾਇਆ ਹੈ। ਸਮਕਾਲੀ ਸਮੇਂ ਵਿੱਚ ਪੰਜਾਬੀ ਨਾਟਕ ਦੇ ਇਸ ਵਿਸ਼ਾਲ ਪਾਸਾਰ ਵਿੱਚ ਮੁੱਖ ਤੌਰ ਤੇ ਪੰਜਾਬੀ ਨਾਟਕਕਾਰਾਂ ਦੀਆਂ ਚਾਰੇ ਪੀੜ੍ਹੀਆਂ ਕਾਰਜਸ਼ੀਲ ਹਨ। ਸਮਕਾਲੀ ਪੰਜਾਬੀ ਨਾਟ ਰਚਨਾ ਵਿੱਚ ਆਪਣਾ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਨਾਟਕਕਾਰ ਕੇਵਲ ਧਾਲੀਵਾਲ, ਸਵਰਾਜਬੀਰ, ਪਾਲੀ ਭੁਪਿੰਦਰ, ਰਾਜਵੰਤ ਕੌਰ ਮਾਨ, ਸਤੀਸ਼ ਕੁਮਾਰ ਵਰਮਾ, ਨਸੀਬ ਬਵੇਜਾ, ਪ੍ਰੀਤ ਮਹਿੰਦਰ ਸੇਖੋਂ, ਦੇਵਿੰਦਰ ਕੁਮਾਰ, ਵਰਿਆਮ ਮਸਤ, ਮਨਜੀਤ ਪਾਲ ਕੌਰ, ਜਗਦੀਸ਼ ਸਚਦੇਵਾ, ਕੁਲਦੀਪ ਸਿੰਘ ਦੀਪ, ਸਤਿੰਦਰ ਸਿੰਘ ਨੰਦਾ, ਬਲਰਾਜ ਮਾਨ, ਬਲਦੇਵ ਸਿੰਘ, ਸੋਮਪਾਲ ਹੀਰਾ ਅਤੇ ਜਤਿੰਦਰ ਬਰਾੜ ਆਦਿ ਬਹੁਤ ਸਾਰੇ ਨਾਟਕਕਾਰਾਂ ਨੇ ਕੇਵਲ ਗਿਣਤੀ ਪੱਖੋਂ ਹੀ ਨਹੀਂ, ਗੁਣਾਤਮਕ ਪੱਖੋਂ ਵੀ ਅਤੇ ਰੰਗਮੰਚ ਦੀ ਦ੍ਰਿਸ਼ਟੀ ਤੋਂ ਨਵੇਂ-ਨਵੇਂ ਪ੍ਰਯੋਗਾਂ ਰਾਹੀ, ਪੰਜਾਬੀ ਨਾਟਕ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਯਤਨ ਕੀਤੇ ਹਨ। ਇਸ ਦੇ

International Research Journal of Humanities, Language and Literature
Vol. 3, Issue 2, February 2016 IF- 4.558 ISSN: (2394-1642)
© Associated Asia Research Foundation (AARF)
Website: www.aarf.asia Email : editor@aarf.asia , editoraarf@gmail.com

ਨਾਲ-ਨਾਲ ਪਹਿਲੀ ਪੀੜ੍ਹੀ ਵਿੱਚੋਂ ਹਰਚਰਨ ਸਿੰਘ, ਕਰਤਾਰ ਸਿੰਘ ਦੁੱਗਲ, ਦੂਜੀ ਵਿੱਚੋਂ ਗੁਰਚਰਨ ਸਿੰਘ ਜਾਸੂਜਾ, ਅਮਰੀਕ ਸਿੰਘ, ਪਰਿਤੋਸ਼ ਗਾਰਗੀ, ਤੀਜੀ ਪੀੜ੍ਹੀ ਵਿੱਚੋਂ ਆਤਮਜੀਤ, ਅਜਮੇਰ ਔਲਖ, ਚਰਨਦਾਸ ਸਿੱਧੂ, ਗੁਰਸ਼ਰਨ ਸਿੰਘ, ਦੇਵਿੰਦਰ ਸਿੰਘ, ਦੇਵਿੰਦਰ ਦਮਨ, ਦਰਸ਼ਨ ਮਿਤਵਾ ਆਦਿ ਕਾਰਜਸ਼ੀਲ ਹਨ। ਇਨ੍ਹਾਂ ਨਾਟਕਕਾਰਾਂ ਨੇ ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਜਿੱਥੇ ਰਾਜਨੀਤਿਕ ਭ੍ਰਿਸ਼ਟਾਚਾਰ, ਨਾਰੀ ਚੇਤਨਾ, ਦਲਿਤ ਚੇਤਨਾ, ਮਨੁੱਖੀ ਰਿਸ਼ਤਿਆਂ ਦੀ ਜਟਿਲਤਾ, ਸੰਪਰਦਾਇਕਤਾ, ਜਾਤ-ਪਾਤ ਦਾ ਭੇਦਭਾਵ, ਦੇਸ਼ ਵੰਡ ਅਤੇ ਜੰਗ ਦਾ ਵਿਰੋਧ, ਪਰਦੇਸ ਜਾਣ ਦੀ ਸਮੱਸਿਆ ਆਦਿ ਵਿਸ਼ਿਆਂ ਨੂੰ ਆਪਣੇ ਨਾਟਕਾਂ ਵਿੱਚ ਅਹਿਮ ਸਮੱਸਿਆ ਵਜੋਂ ਪੇਸ਼ ਕੀਤਾ ਹੈ ਉਥੇ ਇਨ੍ਹਾਂ ਸਮਕਾਲੀ ਨਾਟਕਕਾਰਾਂ ਵਿੱਚੋਂ ਚੋਥੀ ਪੀੜ੍ਹੀ ਦੇ ਨਾਟਕਕਾਰ ਜਤਿੰਦਰ ਬਰਾੜ ਵੱਲੋਂ ਉਪਰੋਕਤ ਵਿਸ਼ਿਆਂ ਦੇ ਨਾਲ-ਨਾਲ ਆਪਣੇ ਨਾਟਕ 'ਪਾਏਦਾਨ' ਵਿੱਚ ਸਮਾਜ ਦੇ ਉਹ ਬਦਨਸੀਬ, ਬੇਸਹਾਰਾ ਬੱਚੇ, ਜਿਨਾਂ ਦਾ ਬਚਪਨ ਗਰੀਬੀ ਦੀ ਮਾਰ ਹੇਠ ਦੁੱਖਾਂ ਅਤੇ ਭੁੱਖਾਂ 'ਚ ਰੁਲਣ ਲਈ ਮਜ਼ਬੂਰ ਹੈ, ਨੂੰ ਮੁੱਖ ਸਮੱਸਿਆ ਬਣਾ ਕੇ ਪੇਸ਼ ਕੀਤਾ ਹੈ। ਰਾਜਸੀ ਤੌਰ ਤੇ ਭਾਵੇਂ ਇਸ ਸਮੱਸਿਆ ਦਾ ਅਜੇ ਤੱਕ ਕੋਈ ਸਮਾਧਾਨ ਨਹੀਂ ਕੀਤਾ ਗਿਆ ਪਰੰਤੂ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ 'ਪਾਏਦਾਨ' ਤੋਂ ਬਾਅਦ ਸਮਕਾਲੀ ਨਾਟਕਕਾਰਾਂ ਤੋਂ ਭਵਿੱਖ ਵਿੱਚ ਪੂਰੀ ਆਸ ਹੈ ਕਿ ਸਮਾਜ ਵਿੱਚ ਰੋਗ ਦਾ ਰੂਪ ਧਾਰ ਚੁੱਕੀ ਇਸ ਸਮੱਸਿਆ ਨੂੰ ਉਹ ਆਪਣੇ ਨਾਟਕਾਂ ਵਿੱਚ ਜ਼ਰੂਰ ਉਜਾਗਰ ਕਰਨਗੇ। ਜਤਿੰਦਰ ਬਰਾੜ ਦਾ ਇਹ ਨਾਟਕ 'ਪਾਏਦਾਨ' ਗਰੀਬੀ ਦੇ ਪਰਛਾਵੇਂ ਹੇਠਾਂ ਦੁੱਖਾਂ ਵਿੱਚ ਰੁਲਣ ਵਾਲੇ ਬੱਚਿਆਂ ਦੀ ਤ੍ਰਾਸਦਿਕ ਹਾਲਤ ਨੂੰ ਪੇਸ਼ ਕਰਦਿਆਂ ਪੂਰੇ ਸਮਾਜ ਨੂੰ ਸਾਰਥਿਕ ਸੁਨੇਹਾ ਦੇਣ ਦੇ ਪੂਰੀ ਤਰ੍ਹਾਂ ਸਮਰੱਥ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਨਾਟਕਕਾਰਾਂ ਨੇ ਪੁਰਾਣੀ ਪੀੜ੍ਹੀ ਦੇ ਨਾਟਕਕਾਰਾਂ ਤੋਂ ਪ੍ਰੇਰਨਾ ਲੈਂਦੇ ਹੋਏ, ਉਹਨਾਂ ਵਲੋਂ ਲਏ ਵਿਸ਼ਿਆਂ ਨੂੰ ਨਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਇਉਂ ਪੰਜਾਬੀ ਨਾਟਕ ਨੇ ਨਾ ਕੇਵਲ ਆਪਣੇ ਤੋਂ ਪਹਿਲੇ ਨਾਟਕ ਨੂੰ ਇੱਕ ਨਵਾਂ ਮੋੜ ਦਿੱਤਾ ਹੈ ਸਗੋਂ ਆਪਣੀਆਂ ਜੜ੍ਹਾਂ ਦੀ ਤਲਾਸ਼ ਵੱਲ ਵੀ ਤੁਰਿਆ ਹੈ।

ਹਵਾਲੇ ਤੇ ਟਿੱਪਣੀਆਂ

1. ਗੁਰਦਿਆਲ ਸਿੰਘ ਫੁੱਲ (ਡਾ.), ਪੰਜਾਬੀ ਨਾਟਕ : ਸਰੂਪ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-187

2. ਹਰਚਰਨ ਸਿੰਘ (ਡਾ.), ਨਾਟਕ ਕਲਾ ਤੇ ਹੋਰ ਲੇਖ, ਪੈਪਸੂ ਬੁੱਕ ਡਿੱਪੂ, ਪਟਿਆਲਾ, 1972, ਪੰਨਾ-14

3. ਮਨਜੀਤ ਪਾਲ ਕੌਰ ਤੇ ਸਤੀਸ਼ ਕੁਮਾਰ ਵਰਮਾ (ਸੰਪਾ.), ਨਾਟ ਧਾਰਾ, 'ਭੂਮਿਕਾ', ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-11

4. ਗੁਰਦਿਆਲ ਸਿੰਘ ਫੁੱਲ (ਡਾ.), ਪੰਜਾਬੀ ਨਾਟਕ : ਸਰੂਪ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨੇ-223-224

5. ਕਮਲੇਸ਼ ਉੱਪਲ, ਪੰਜਾਬੀ ਨਾਟਕ ਅਤੇ ਰੰਗਮੰਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 160

6. ਸਤੀਸ਼ ਕੁਮਾਰ ਵਰਮਾ (ਡਾ.), ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005, ਪੰਨਾ-193

7. ਕੁਲਦੀਪ ਸਿੰਘ ਧੀਰ (ਡਾ.), ਸੁਤੰਤਰਤਾ ਪਿੱਛੋਂ ਪੰਜਾਬੀ ਨਾਟਕ ਇਕ ਸਰਬਪੱਖੀ ਵਿਸ਼ਲੇਸ਼ਣ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ-23

8. ਸਤੀਸ਼ ਕੁਮਾਰ ਵਰਮਾ (ਡਾ.), ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005, ਪੰਨਾ-18

9. ਬ੍ਰਹਮ ਜਗਦੀਸ਼ ਸਿੰਘ, ਨਾਟਕ ਅਤੇ ਰੰਗਮੰਚ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, ਪੰਨਾ-156

10. ਸਤੀਸ਼ ਕੁਮਾਰ ਵਰਮਾ (ਡਾ.), ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005, ਪੰਨਾ-185-186

11. ਸਤੀਸ਼ ਕੁਮਾਰ ਵਰਮਾ (ਡਾ.), ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਕ੍ਰਿਤੀ ਪ੍ਰਕਾਸ਼ਨ, ਦਿੱਲੀ, 2003, ਪੰਨਾ-73

12. ਉਹੀ, ਪੰਨਾ-206

13. ਨਸੀਬ ਬਵੇਜਾ, ਆਜ਼ਾਦ ਪਾਤਰ, ਸ਼ਿਲਾਲੇਖ ਬੁਕਸ, ਦਿੱਲੀ, 2001, ਪੰਨਾ-39

14. ਸੋਮਪਾਲ ਹੀਰਾ, 'ਤ੍ਰਿਸਕਾਰੀਆਂ ਧੀਆਂ', ਪੰਨਿਆਂ ਦੀ ਪਰਵਾਜ, ਸ੍ਰੀ ਪ੍ਰਕਾਸ਼ਨ, ਦਿੱਲੀ, 2003, ਪੰਨਾ-84, 85

15. ਸਤੀਸ਼ ਕੁਮਾਰ ਵਰਮਾ (ਡਾ.), ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005, ਪੰਨਾ-176

16. ਰਾਜਵੰਤ ਕੌਰ ਮਾਨ (ਡਾ.), ਅਮਨ ਦੀ ਆਵਾਜ਼, ਸ਼ਿਲਾਲੇਖ ਬੁਕਸ, ਦਿੱਲੀ, 2000, ਪੰਨਾ-28

17. ਸਵਰਾਜਬੀਰ, ਸ਼ਾਇਰੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2004, ਪੰਨਾ-63